ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025

ISSN: 2583-9446 (O)
Paper Published Id: ARMN030418
Available online at: www.armaan.org.in
DOI: https://doi.org/10.64119/armaan.vol.3.issue4.18

# ਆਰਥਿਕ ਤਰੱਕੀ ਦੇ ਦੋਰ ਵਿੱਚ ਸਮਾਜਿਕ-ਸੱਭਿਆਚਾਰਕ ਦੁਖਾਂਤ ਦੀ ਉਪਜ (ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਦੇ ਹਵਾਲੇ ਨਾਲ)

# Arthik Taraki De Daur Vich Smajik-Sbhiachark Dukhant Di Upj (Bhupinder Singh Maan De Kahani Sangrhi 'Lal Ratta' De Havale Nal)

**ਡਾ. ਮਨਮਿੰਦਰ ਕੌਰ (Manminder Kaur)**
**ਅਸਿਸਟੈਂਟ ਪ੍ਰੋਫੈਸਰ, ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ (Asst. Prof., Guru Kashi Dept. of Languages)**
**ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ (ਪੰਜਾਬ)**
**Email ID: manminderkaur@pbi.ac.in ਮੋਬਾਈਲ: +91-70874-25230**

**ਸਾਰ (Abstract)**

*ਪੰਜਾਬੀ ਕਹਾਣੀ ਬਿਰਤਾਂਤ ਇੱਕ ਅਜਿਹਾ ਰੂਪਾਕਾਰ ਹੈ। ਜਿਸ ਨੇ ਆਪਣੀ ਸੰਜਮੀ ਵਿਧੀ ਉੱਤੇ ਕਾਇਮ ਰਹਿੰਦਿਆਂ ਨਿਤ ਨਵੇਂ ਪ੍ਰਯੋਗਾਂ ਨਾਲ ਆਪਣੀ ਸਿਰਜਨਾਤਮਕ ਸਮਰੱਥਾ ਨੂੰ ਇਸ ਕਦਰ ਵਧਾਇਆ ਹੈ ਕਿ ਹੁਣ ਇਸ ਰਾਹੀਂ ਜੀਵਨ ਦੀ ਜਟਿਲਤਾ ਨੂੰ ਫੜ੍ਹ ਸਕਣਾ ਅਸੰਭਵ ਨਹੀਂ ਰਿਹਾ। ਹਥਲੇ ਪੇਪਰ ਦਾ ਆਧਾਰ ਭੁਪਿੰਦਰ ਮਾਨ ਦਾ ਕਹਾਣੀ ਸੰਗ੍ਰਹਿ 'ਲਾਲ ਰੱਤਾ' ਹੈ। ਇਹ ਕਹਾਣੀ ਸੰਗ੍ਰਹਿ ਪੂੰਜੀਵਾਦੀ ਦੌਰ ਵਿੱਚ ਆਰਥਿਕ -ਸਮਾਜਿਕ ਤਰੱਕੀ ਦੇ ਨਾਲ ਪੇਂਡੂ ਅਤੇ ਸ਼ਹਿਰੀ ਸਮਾਜ ਵਿੱਚ ਨਿਮਨ ਅਤੇ ਮੱਧ ਵਰਗੀ ਸ੍ਰੇਣੀ ਦੇ ਦਰਪੇਸ਼ ਸਮੱਸਿਆਵਾਂ ਨੂੰ ਆਧਾਰ ਬਣਾਉਂਦਾ ਹੈ। ਇਸ ਦੇ ਨਾਲ ਹੀ ਬਦਲਦੇ ਮਨੁੱਖੀ ਰਿਸ਼ਤਿਆਂ ਦੇ ਸਮੀਕਰਨ ਅਜੋਕੇ ਸਮਾਜ ਵਿੱਚ ਸਮਾਜਿਕ ਸੱਭਿਆਚਾਰਿਕ ਦੁਖਾਂਤ ਦੇ ਨਾਲ ਨਾਲ ਸਟੇਟ ਆਪਣੀ ਰਾਜਸੀ ਤਾਕਤ ਨਾਲ ਸਮਾਜਿਕ ਅਤੇ ਰਾਜਨੀਤਿਕ ਸੰਕਟ ਪੈਦਾ ਕਰਦੀ ਹੈ।*

**ਕੀਵਰਡ (Keyword):** *ਲਾਲ ਰੱਤਾ, ਆਰਥਿਕਤਾ, ਪੂੰਜੀਵਾਦ, ਆਧੁਨਿਕ ਸਿੱਖਿਆ, ਮਨੁੱਖੀ ਰਿਸ਼ਤੇ, ਪੇਂਡੂ ਸਮਾਜ, ਸਮਾਜਿਕ ਤਰੱਕੀ।*

ਭੁਪਿੰਦਰ ਸਿੰਘ ਮਾਨ ਬਹੁ-ਵਿਧਾਵੀ ਸਾਹਿਤਕਾਰ ਹੈ। ਉਸਦੇ ਗਲਪੀ ਬਿੰਬਾ ਅਤੇ ਬਿਰਤਾਤਕ ਤੰਦਾਂ ਨੇ ਪੰਜਾਬੀ ਸਮਾਜ ਸੱਭਿਆਤਚਾਰ ਦੇ ਇਤਿਹਾਸਕ ਕ੍ਰਮ ਨੂੰ ਬਿਨਾ ਝੁਠਲਾਏ ਅਤੇ ਪ੍ਰਚਲਿਤ ਵਿਵਸਥਾ ਨੂੰ ਸਿੱਧੇ ਤੌਰ ਤੇ ਬਿਨਾਂ ਵੰਗਾਰੇ ਵੀ ਪੰਜਾਬੀ ਗਲਪ ਸੰਵੇਦਨਾ ਦੇ ਇਤਿਹਾਸ ਵਿੱਚ ਦਸਤਕ ਦਿੱਤੀ ਹੈ। ਉਸਦਾ ਪਹਿਲਾ ਕਹਾਣੀ ਸੰਗ੍ਰਹਿ ਉਪਰੀ ਹਵਾ(2019) ਵਿੱਚ ਪ੍ਰਕਾਸ਼ਿਤ ਹੋਇਆ। ਜਿਸ ਵਿੱਚ ਸਮਾਜਿਕ, ਆਰਥਿਕ ਪੱਖ ਤੋਂ ਕਹਾਣੀਆਂ ਲਿਖੀਆ ਗਈਆ। 2025 ਵਿੱਚ ਪ੍ਰਕਾਸ਼ਿਤ ਹੋਏ ਚੌਥੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਜਿਸ ਵਿੱਚ ਕਹਾਣੀਕਾਰ ਦੀਆਂ ਕਹਾਣੀਆਂ ਦਾ ਜੋ ਕਥਾਨਕ ਬੱਝਦਾ ਹੈ ਅਤੇ ਜਿਸ ਤਰ੍ਹਾਂ ਦਾ ਵਾਰਤਾਲਪ ਇਸ ਕਹਾਣੀ ਸੰਗ੍ਰਹਿ ਵਿੱਚ ਪੇਸ਼ ਹੁੰਦਾ ਹੈ। ਉਸਨੇ ਭੁਪਿੰਦਰ ਸਿੰਘ ਮਾਨ ਨੂੰ ਪੰਜਾਬੀ ਕਹਾਣੀ ਦੇ ਪ੍ਰਬੁੱਧ ਕਹਾਣੀਕਾਰਾ ਵਿਚਕਾਰ ਖੜ੍ਹਾ ਕਰ ਦਿੱਤਾ ਹੈ।

ਭੁਪਿੰਦਰ ਮਾਨ ਅਧਿਆਪਕ ਹੋਣ ਦੇ ਨਾਲ ਨਾਲ ਘੁਮੱਕੜੀ ਵੀ ਹੈ। ਉਹਨਾਂ ਕੋਲ ਘੁਮੱਕੜੀ ਤਜ਼ਰਬਾ ਹੋਣ ਕਾਰਨ ਉਹਨਾਂ ਦੀਆਂ ਸਾਹਿਤਕ ਲਿਖਤਾਂ ਵਿੱਚ ਬਹੁ-ਰੰਗ ਦੇਖਣ ਨੂੰ ਮਿਲਦਾ ਹੈ। ਪੰਜਾਬੀ ਸਾਹਿਤ ਵਿੱਚ ਘੁਮੱਕੜੀ ਸਾਹਿਤ ਦਾ ਨਿਵੇਕਲਾ ਸਥਾਨ ਹੈ। ਪੰਜਾਬੀ ਸਾਹਿਤ ਵਿੱਚ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ ਤੇ ਕਰਮਜੀਤ ਕੁੱਸਾ ਤੋਂ ਬਾਅਦ ਭੁਪਿੰਦਰ ਸਿੰਘ ਮਾਨ ਆਪਣੀਆਂ ਸਾਹਿਤਕ ਕਿਰਤਾਂ ਵਿੱਚ ਉਹਨਾਂ ਵਰਗਾ ਠੇਠ ਮਲਵਈ ਮੁਹਾਵਰਾ ਵਰਤਦਾ ਹੈ। ਮਾਨ ਆਪਣੀਆਂ ਕਹਾਣੀਆਂ ਵਿੱਚ ਕਿਸੇ ਇੱਕ ਸ੍ਰੇਣੀ ਵਰਗ ਬਾਰੇ ਗੱਲ ਨਹੀਂ ਕਰਦਾ ਬਲਕਿ ਉਸ ਕੋਲ ਪੇਂਡੂ ਅਤੇ ਸ਼ਹਿਰੀ ਧਰਾਤਲ ਦਾ ਤਜਰਬਾ ਹੋਣ ਕਾਰਨ ਉਹਨਾਂ ਦੀਆਂ ਕਹਾਣੀਆਂ ਵਿੱਚ ਵੰਨ -ਸੁਵੰਨਤਾ ਦੇਖਣ ਨੂੰ ਮਿਲਦੀ। ਮਾਨ ਦੀਆਂ ਕਹਾਣੀਆਂ ਦੀ ਵੱਡੀ ਖੂਬੀ ਇਹ ਹੈ ਕਿ ਉਹ ਇੱਕਵੀਂ ਸਦੀ ਦੇ ਤਜ਼ਰਬਿਆਂ, ਬਦਲਦੇ ਤਕਨੀਕੀ ਯੁੱਗ ਦੀਆਂ ਚੁਣੌਤੀਆਂ, ਸਿੱਖਿਆ ਦੀਆਂ ਚੁਣੌਤੀਆਂ, ਨਿਮਨ ਕਿਰਸਾਨੀ ਦੀਆਂ ਸਮੱਸਿਆਵਾਂ ਅਤੇ ਬਦਲਦੇ ਮਨੁੱਖੀ ਰਿਸ਼ਤਿਆਂ ਨੂੰ ਯਥਾਰਥਵਾਦੀ ਢੰਗ ਨਾਲ ਪੇਸ਼ ਕਰਦਾ ਹੈ ।

ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਨੂੰ ਮੈਂ ਆਪਣੇ ਖੋਜ ਪੱਤਰ ਦਾ ਆਧਾਰ ਬਣਾਇਆ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਕੁੱਲ ਅੱਠ ਕਹਾਣੀਆਂ ਹਨ। ਸਾਰੀਆਂ ਕਹਾਣੀਆਂ ਸਮਾਜਿਕ ਬੰਦੇ ਦੇ ਅੰਦਰਲੇ ਦਾ ਟਰੈਕ ਕਰਵਾਉਂਦੀਆਂ ਹਨ। ਲੇਖਕ ਦੇ ਘੁਮੱਕੜੀ ਹੋਣ ਕਰ ਕੇ ਦੋ ਕਹਾਣੀਆਂ ਘੁਮੱਕੜੀ ਨਾਲ ਸੰਬੰਧਿਤ ਹਨ। 'ਇੱਕ ਮਜ਼ਾਰ ਹੋਰ ''ਕਹਾਣੀ ਸਾਡੇ ਆਧੁਨਿਕ ਸਿੱਖਿਆ ਸੰਸਥਾਵਾਂ ਉੱਪਰ ਐਸਾ ਵਾਰ ਕਰਦੀ ਹੈ, ਜਿਸ ਨੂੰ ਝੱਲਣ ਲਈ ਸਟੇਟ ਕੋਲ ਜੇਰਾ ਚਾਹੀਦਾ ਹੈ। ਵੈਰਾਗ, ਤੁਖ਼ਮ, ਤਪਸ਼ ਅਤੇ ਦੂਜੀ ਦੇਹੀ ਇਕਹਿਰੇਪਨ ਦੀਆਂ ਕਹਾਣੀਆਂ ਹਨ। ਬਦਲਦੇ ਸਮਾਜਿਕ -ਆਰਥਿਕ ਪ੍ਰਬੰਧ ਵਿੱਚ ਨਵੀਂ ਪੀੜ੍ਹੀ ਦੀ ਚੇਤਨਾ ਪੁਰਾਣੀ ਪੀੜ੍ਹੀ ਦੀ ਸਮਝ ਨੂੰ ਪਰੇ ਵਗਾਹ ਮਾਰਦੀ ਹੈ। ਇਹ ਕਹਾਣੀਆਂ ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਦੇ ਪਸਾਰ ਨੂੰ ਪੇਂਡੂ ਧਰਾਤਲ ਤੋਂ ਅਗਾਂਹ ਲੈ ਜਾਂਦੀਆਂ ਹਨ।

'ਲਾਲ ਰੱਤਾ' ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਵੈਰਾਗ' ਜਿਸ ਵਿੱਚ ਦੇਬੀ, ਸਤਵੰਤ ਕੌਰ ਅਤੇ ਗੁਰਸਾਹਿਬ ਸਿੰਘ ਦੇ ਪਿਆਰ ਦੀ ਤ੍ਰਿਕੋਣ ਹੈ। ਦੇਬੀ ਜੋ ਕਿ ਘੱਟ ਜ਼ਮੀਨ ਵਾਲਾ ਜੱਟ ਹੈ ਅਤੇ ਸਰੀਰਕ ਤੌਰ ਤੇ ਅਪਾਹਜ ਵੀ ਹੈ। ਜਿਸ

 Received: 13 Nov. 2025 Accepted: 30 Nov. 2025 Published: 05 Dec. 2025

ਕਾਰਨ ਉਸ ਦਾ ਵਿਆਹ ਨਹੀਂ ਹੋ ਸਕਦਾ ਪਰ ਦੇਬੀ ਦੇ ਅੰਦਰ ਔਰਤ ਦਾ ਸਾਥ ਮਾਣਨ ਦੀ ਤਾਂਘ ਹੈ। ਇਸ ਲਈ ਕਈ ਵਾਰੀ ਦੇਬੀ ਨੂੰ ਆਪਣੀ ਸਰੀਰਕ ਹਾਲਤ ਦੇਖ ਕੇ ਰੋਹ ਚੜ੍ਹ ਜਾਂਦਾ ਹੈ ਅਤੇ ਉਹ ਸੋਚਦਾ ਹੈ ਕਿ ਉਹ ਪਸ਼ੂਆਂ ਨਾਲੋਂ ਵੀ ਮਾੜਾ ਹੈ। ਦੂਸਰੇ ਪਾਸੇ ਸਤਵੰਤ ਕੌਰ ਜੋ ਕਿ ਦੇਬੀ ਦੇ ਪਿੰਡ ਦੀ ਨੂੰਹ ਹੈ ਪਰ ਪਿੰਡ ਵਿੱਚ ਉਹਨਾਂ ਦਾ ਜੱਦੀ ਪੁਸ਼ਤੀ ਸੁਨਿਆਰੇ ਦਾ ਕਾਰੋਬਾਰ ਲਗਭਗ ਖਤਮ ਹੋ ਗਿਆ ਹੈ। ਸਤਵੰਤ ਦਾ ਪਤੀ ਗੋਰਾ ਮਾੜੀ ਆਰਥਿਕਤਾ ਦੇ ਕਾਰਨ ਬਹੁਤ ਜਿਆਦਾ ਸ਼ਰਾਬ ਪੀਂਦਾ ਹੈ ਅਤੇ ਸਤਵੰਤ ਦੀ ਕੁੱਟਮਾਰ ਕਰਦਾ ਹੈ। ਦੇਬੀ ਕਈ ਵਾਰ ਗੋਰੇ ਨੂੰ ਸਤਵੰਤ ਦੀ ਕੁੱਟਮਾਰ ਕਰਨ ਤੋਂ ਉਸ ਨੂੰ ਝਿੜਕਦਾ ਹੈ। ਇਸੇ ਹੀ ਹਮਦਰਦੀ ਵਿੱਚੋਂ ਸਤਵੰਤ ਕੌਰ ਦੇਬੀ ਦੇ ਨੇੜੇ ਹੋ ਜਾਂਦੀ ਹੈ ਤੇ ਦੇਬੀ ਨੂੰ ਆਖਦੀ ਹੈ,

> *"ਦੇਖ ਕਿਵੇ ਮੈਨੂੰ ਕਸਾਈਆ ਵਾਗੂੰ ਕੋਂਹਦਾ ਜੇ ਇਹ ਮਰਜਾਣਾ ਪਿੱਛੋ ਲਹੇ ਮੈਂ ਤਾ ਸਾਰੀ ਜਿੰਦਗੀ ਤੇਰੇ ਨਾਲ ਹੀ ਗੁਜ਼ਾਰਾ।"* [1]

ਦੇਬੀ ਦੀ ਜ਼ਿੰਦਗੀ ਵਿੱਚ ਵੀ ਔਰਤ ਦੀ ਆਮਦ ਇਕ ਦਿਨ ਉਸ ਤੋਂ ਉਸਦੇ ਯਾਰ ਗੋਰੇ ਨੂੰ ਜ਼ਹਿਰ ਦੇ ਕੇ ਮਰਵਾ ਦਿੰਦੀ ਹੈ। ਸਤਵੰਤ ਕੌਰ ਜੋ ਕਿ ਦੇਬੀ ਦੀ ਤਿੰਨ ਏਕੜ ਜ਼ਮੀਨ ਨੂੰ ਆਪਣੀ ਆਰਥਿਕਤਾ ਦਾ ਨੁੰਮਣਾ ਮੰਨਦੀ ਹੋਈ ਸਰੀਰਕ ਤੌਰ ਤੇ ਅਪਾਹਜ ਦੇਬੀ ਨਾਲ ਵਿਆਹ ਕਰਵਾ ਕੇ ਸ਼ਹਿਰ ਜਾ ਵਸਦੀ ਹੈ। ਪੂੰਜੀਵਾਦੀ ਸਮਾਜ ਵਿੱਚ ਪੈਸਾ ਪ੍ਰਧਾਨ ਹੋਣ ਕਾਰਨ ਮਨੁੱਖੀ ਰਿਸ਼ਤੇ ਇਸ ਦਵੱਲੀ ਗਰਜ ਵਿੱਚ ਵਿਚੋਂ ਪੈਦਾ ਹੁੰਦੇ ਹਨ।

ਕਹਾਣੀਕਾਰ ਪੇਂਡੂ ਧਰਾਤਲ ਨੂੰ ਚੰਗੀ ਤਰ੍ਹਾਂ ਸਮਝਦਾ ਹੋਇਆ ਸਤਵੰਤ ਕੌਰ ਅਤੇ ਦੇਬੀ ਨੂੰ ਸ਼ਹਿਰ ਇਸ ਲਈ ਤੋਰ ਦਿੰਦਾ ਹੈ ਕਿਉਂਕਿ ਇਹਨਾਂ ਗੈਰ ਰਿਸ਼ਤਿਆਂ ਦੀ ਪ੍ਰਵਾਨਗੀ ਪੇਂਡੂ ਧਰਾਤਲ ਤੇ ਮਿਲਣੀ ਮੁਸ਼ਕਿਲ ਹੈ। ਪਰ ਸ਼ਹਿਰ ਵਿੱਚ ਇਸ ਗੱਲ ਨੂੰ ਕੋਈ ਨਹੀਂ ਗੌਲਦਾ। ਕਹਾਣੀ ਅਗਲੇ ਪੜਾਅ ਤੇ ਯੂ-ਟਰਨ ਲੈਂਦੀ ਹੈ ਜਦੋਂ ਦੇਬੀ ਤੇ ਸਤਵੰਤ ਕੌਰ ਆਪਣੀ ਜ਼ਿੰਦਗੀ ਸ਼ਹਿਰ ਵਿੱਚ ਬਸਰ ਕਰ ਰਹੇ ਹਨ। ਇੱਥੇ ਕਹਾਣੀਕਾਰ ਸ਼ਹਿਰੀ ਜੀਵਨ ਦੇ ਉਸ ਪੱਖ ਵੱਲ ਇਸ਼ਾਰਾ ਕਰਦਾ ਹੈ ਜਿੱਥੇ ਸਹਿਰੀ ਜ਼ਿੰਦਗੀ ਜਿਉਣ ਦੇ ਲਈ ਵੱਧ ਆਰਥਿਕ ਵਸੀਲਿਆਂ ਦੀ ਲੋੜ ਹੈ। ਸਤਵੰਤ ਕੌਰ ਵੀ ਆਪਣੀ ਪਹਿਚਾਣ ਬਣਾਉਣ ਦੇ ਲਈ ਮਹਿਲਾ ਮੰਡਲ ਦੀ ਚੋਣ ਲੜਦੀ ਹੈ। ਜਿਸ ਦੇ ਸੰਪਰਕ ਵਿੱਚ ਗੁਰਸਾਹਿਬ ਆਉਂਦਾ ਹੈ। ਪੁਲਿਸ ਅਫਸਰ ਦੇ ਸਾਥ ਅਤੇ ਰਾਜਨੀਤਿਕ ਪਹੁੰਚ ਸਦਕਾ ਸਤਵੰਤ ਕੌਰ ਦੇਬੀ ਦੀ ਘਰ ਵਿੱਚ ਮੌਜੂਦਗੀ ਦੇ ਬਾਵਜੂਦ ਗੁਰਸਾਹਿਬ ਨੂੰ ਘਰ ਵਿੱਚ ਆਉਣ ਦੀ ਖੁੱਲ੍ਹ ਦਿੰਦੀ ਹੈ। ਸਤਵੰਤ ਕੌਰ ਦੀ ਇਸ ਸੋਚ ਪਿੱਛੇ ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਦੇਖਦੀ ਹੋਈ ਗੁਰਸਾਹਿਬ ਨਾਲ ਸਬੰਧ ਬਣਾਉਂਦੀ ਹੈ ਅਤੇ ਦੇਬੀ ਨੂੰ ਬੇਪਰਵਾਹ ਹੋ ਕੇ ਕਹਿੰਦੀ ਹੈ-

> *"ਦੇਖ ਮੈਂ ਆਪਣੀ ਕਬੀਲਦਾਰੀ ਦਾ ਗੱਡਾ ਤਾਂ ਤੋਰਨਾ, ਜੇ ਤੈਨੂੰ ਚੰਗਾ ਲੱਗਦਾ ਤਾਂ ਰਹਿ ਮੈਂ ਤੇਰੀ ਪੂਰੀ ਸੇਵਾ ਇਸੇ ਤਰ੍ਹਾਂ ਕਰੂ, ਜੇ ਟੋਕ ਟਕਾਈ ਕਰਨੀ ਹੈ ਤਾਂ ਤੇਰੀ ਇੱਛਾ ਜਿੱਥੇ ਮਰਜ਼ੀ ਜਾਹ।"* [2]

ਇੱਥੇ ਦੇਬੀ ਦੀ ਹਾਲਤ 'ਸੱਪ ਦੇ ਮੂੰਹ ਆਈ ਕੋਹੜ ਕਿਰਲੀ' ਵਾਲੀ ਹੈ, 'ਛੱਡੇ ਤਾਂ ਕੋਹੜੀ, ਮਾਰੇ ਤਾਂ ਕਲੰਕੀ'। ਸਤਵੰਤ ਕੌਰ ਆਪਣੇ ਪੁੱਤ ਨੂੰ ਵਿਦੇਸ਼ ਭੇਜਣ ਲਈ ਗੁਰਸਾਹਿਬ ਨਾਲ ਰਲਕੇ ਦੇਬੀ ਦੀ ਤਿੰਨ ਕਿੱਲੇ ਜ਼ਮੀਨ ਵੀ ਘੱਟ ਰੇਟ ਤੇ ਵਿਕਾ ਦਿੰਦੀ ਹੈ। ਦੇਬੀ ਆਪਣੇ ਹੱਥ ਵਢਾ ਚੁੱਕਾ ਸੀ ਜਿਸ ਕਾਰਨ ਸਿਵਾਏ ਚੁੱਪ ਤੋਂ ਉਸ ਕੋਲ ਕੋਈ ਚਾਰਾ ਨਹੀਂ ਬਚਦਾ। ਜਿਉਂਦੇ ਜੀਅ ਹਰ ਵਿਅਕਤੀ ਆਪਣੇ ਪਿੰਡ ਤੇ ਸ਼ਰੀਕੇ ਵਿੱਚ ਆਪਣਾ ਸਿਰ ਉੱਚਾ ਕਰਕੇ ਜਿਉਣਾ ਚਾਹੁੰਦਾ ਹੈ। ਪਰ ਜਦੋਂ ਸਤਵੰਤ ਕੌਰ ਆਪਣੀ ਧੀ ਦੇ ਵਿਆਹ ਤੇ ਪਿੰਡ ਵਾਲਿਆਂ ਨੂੰ ਸੱਦਦੀ ਹੈ ਤਾਂ ਦੇਬੀ ਨੂੰ ਸਭ ਤੋਂ ਵੱਡਾ ਸੰਸਾ ਗੁਰਸਾਹਿਬ ਬਾਰੇ ਲਗਦਾ ਹੈ। ਉਸ ਦੇ ਮਨ ਅੰਦਰ ਡਰ ਹੈ ਕਿ ਸਤਵੰਤ ਤੇ ਗੁਰਸਾਹਿਬ ਦੇ ਰਿਸ਼ਤਿਆਂ ਦੀ ਭਿਣਕ ਪਿੰਡ ਤੱਕ ਪਹੁੰਚੇਗੀ ਤਾਂ ਉਸਦੀ ਸ਼ਰੀਕੇ ਵਿੱਚ ਕੀ ਇੱਜਤ ਰਹਿ ਜਾਂਵੇਗੀ ? ਪਰ ਸਤਵੰਤ ਕੌਰ ਵੀ ਆਪਣੇ ਆਪ ਨੂੰ ਪਿੰਡ ਵਾਲਿਆਂ ਦੇ ਸਾਹਮਣੇ ਸਤੀ ਸਵਿੱਤਰੀ ਸਾਬਿਤ ਕਰਦੀ ਹੈ। ਪਿੰਕੀ ਦੇ ਆਨੰਦ ਕਾਰਜ ਦੀ ਅਰਦਾਸ ਸਮੇਂ ਧਰਤੀ ਵਿੱਚ ਸਿਰ ਸਿੱਟੀ ਬੈਠੇ ਦੇਬੀ ਨੂੰ ਮੋਢੇ ਤੋਂ ਫੜ ਕੇ ਪਿਤਾ ਦਾ ਫਰਜ ਨਿਭਾਉਣ ਲਈ ਉਠਾਉਂਦੀ ਹੈ ਤਾਂ ਦੇਬੀ ਦੇ ਮਨ ਤੇ ਪਿਆ ਮਣਾਂ ਮੂੰਹੀਂ ਭਾਰ ਲਹਿ ਜਾਂਦਾ ਹੈ। ਸਮਾਜਿਕ ਨਮੋਸ਼ੀ ਦਾ ਸੱਪ ਜੋ ਦੇਬੀ ਦੇ ਅੰਦਰ ਫ਼ਨ ਚੱਕੀ ਬੈਠਾ ਸੀ ਉਸਦੇ ਡੱਸਣ ਤੋਂ ਬਚ ਜਾਂਦਾ ਹੈ ਅਤੇ ਉਸਦੀਆਂ ਅੱਖਾਂ ਵਿੱਚ ਅੱਥਰੂ ਵਹਿ ਤੁਰਦੇ ਹਨ।

'ਇੱਕ ਮਜ਼ਾਰ ਹੋਰ' ਕਹਾਣੀ ਦੇ ਬਿਰਤਾਂਤ ਵਿੱਚ ਦੋ ਪੀੜ੍ਹੀਆਂ ਉੱਚ ਸਿੱਖਿਆ ਸੰਸਥਾਵਾਂ ਦੁਆਰਾ ਪੈਦਾ ਕੀਤੇ ਸੱਭਿਆਚਾਰ ਅਤੇ ਇਹ ਸੰਸਥਾਵਾਂ ਕਿਸ ਪ੍ਰਬੰਧ ਵਿੱਚੋਂ ਪੈਦਾ ਹੁੰਦੀਆਂ ਹਨ ਬਾਰੇ ਵੱਖੋ - ਵੱਖਰਾ ਨਜ਼ਰੀਆ ਰੱਖਦੀਆਂ ਹਨ। ਪੁਰਾਣੀ ਪੀੜ੍ਹੀ ਸੰਜਮ, ਭਾਈਚਾਰਕ ਸਾਂਝ ਅਤੇ ਪਰੰਪਰਾਗਤ ਸੰਸਥਾਵਾਂ ਨਾਲ ਆਪਣੀ ਰਸਾਈ ਕਰਦੀਆਂ ਹਨ। ਪਰ ਦੂਸਰੇ ਪਾਸੇ ਉੱਚ ਸਿੱਖਿਆ ਸੰਸਥਾਵਾਂ ਵਿੱਚੋਂ ਪੜ੍ਹੇ ਅਤੇ ਬਹੁ-ਕੌਮੀ ਰਾਸ਼ਟਰੀ ਕੰਪਨੀਆਂ ਵਿੱਚ ਨੌਕਰੀ ਕਰਦੇ ਨੌਜਵਾਨ, ਮੌਜੂਦਾ ਪੂੰਜੀ ਪ੍ਰਧਾਨ ਸਮਾਜਿਕ -ਅਰਥਚਾਰੇ ਦੀਆਂ ਨਵੀਆਂ ਕਦਰਾਂ ਕੀਮਤਾਂ ਜਿੱਥੇ ਕੋਈ ਸੰਜਮ ਨਹੀਂ, ਕੋਈ ਭਾਈਚਾਰਕ ਸਾਂਝ ਨਹੀਂ ਅਤੇ ਪਰੰਪਰਾਗਤ ਸੰਸਥਾਵਾਂ ਦੀ ਜਗ੍ਹਾ ਤੇ ਨਵੀਆਂ ਸੰਸਥਾਵਾਂ ਨਾਲ ਆਪਣੀ ਰਸਾਈ ਕਰਦੇ ਹਨ। ਪੂੰਜੀਵਾਦੀ ਸ਼੍ਰੇਣੀ ਸਮਾਜਿਕ ਵਿਵਸਥਾ ਦੌਰਾਨ ਮਨੁੱਖਾਂ ਦੇ ਮਾਨਵੀ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਵੱਡੀ ਪੱਧਰ ਤੇ ਉਥਲ-ਪੁਥਲ ਕਰਦੀ ਹੈ। ਮਾਨਵੀ ਰਿਸ਼ਤੇ ਜਿਨ੍ਹਾਂ ਨੂੰ 'ਮੋਹ ਦੇ ਰਿਸ਼ਤੇ' ਆਖਿਆ ਜਾਦਾ ਹੈ, ਇਸ ਵਿਵਸਥਾ ਵਿੱਚ ਪੁੱਗ ਹੀ ਨਹੀ ਸਕਦੇ ਤੇ ਇਹ ਵਪਾਰਕ ਰਿਸ਼ਤਿਆਂ ਵਿੱਚ ਤਬਦੀਲ ਹੋ ਜਾਂਦੇ ਹਨ।

ਇਹ ਮੰਨਿਆ ਜਾਂਦਾ ਹੈ ਕਿ ਸਮਾਜ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਵਿੱਚ ਵਿਦਿਅਕ ਸੰਸਥਾਵਾਂ ਦਾ ਅਹਿਮ ਰੋਲ ਹੁੰਦਾ ਹੈ। ਪ੍ਰੰਤੂ ਇਸ ਕਹਾਣੀ ਜਰੀਏ ਕਹਾਣੀਕਾਰ ਨੇ ਉਹਨਾਂ ਸਿੱਖਿਆ ਸੰਸਥਾਵਾਂ ਦਾ ਸਮਾਜ ਉੱਪਰ ਪੈਣ ਵਾਲੇ ਮਾਰੂ ਪ੍ਰਭਾਵ ਦਾ ਜ਼ਿਕਰ ਕੀਤਾ ਹੈ। ਜਿੱਥੇ ਮੱਧ ਵਰਗੀ ਪਰਿਵਾਰ ਇਸ ਨੂੰ ਵਿਕਾਸ ਦਾ ਮਾਡਲ ਮੰਨਦੇ ਹਨ। ਕਹਾਣੀ ਦਾ ਪਾਤਰ ਸਤੀਸ਼ ਪੂੰਜੀਵਾਦੀ ਸਮਾਜ ਦੀ ਪ੍ਰੋਡਕਟ ਹੈ। ਜੋ ਆਪਣੇ ਬਿਜਨਸ ਵਿੱਚ ਵੱਧ ਤੋਂ ਵੱਧ ਪੈਸਾ ਕਮਾਉਣਾ ਚਾਹੁੰਦਾ ਹੈ ਪਰ ਦੂਸਰੇ ਪਾਸੇ ਉਸਦੀ ਬੀਵੀ ਸਵਿਤਾ ਜੋ ਕਲਾ, ਸੰਗੀਤ ਅਤੇ ਸਾਹਿਤ ਨੂੰ ਪਿਆਰ ਕਰਨ ਵਾਲੀ ਹੈ। ਪਰ ਸਤੀਸ਼ ਉਸ ਦੀਆਂ ਕੋਮਲ ਕਲਾਵਾਂ ਵੱਲ ਝੁਕਾਅ ਨੂੰ ਕੋਈ ਮਾਨਤਾ ਨਹੀਂ ਦਿੰਦਾ।

ਕਹਾਣੀਕਾਰ ਅੱਜ ਦੇ ਮੱਧ ਵਰਗੀ ਪਰਿਵਾਰ ਦੇ ਭਵਿੱਖ ਮੁਖੀ ਸੁਪਨੇ ਸਿਰਜਣ ਨੂੰ ਆਪਣੀ ਕਹਾਣੀ ਦੁਆਰਾ ਬਾਖੂਬੀ ਪੇਸ਼ ਕਰਦਾ ਹੈ। ਰਾਹੁਲ ਨੂੰ ਕਿਸੇ ਬਹੁ ਕੰਪਨੀ ਦਾ ਸੀਈਓ ਬਣਦਾ ਦੇਖਣ ਦਾ ਸੁਪਨਾ ਉਸਦੇ ਬਾਪ (ਸਤੀਸ਼) ਦਾ ਹੈ। ਕਹਾਣੀਕਾਰ ਇਹ ਇਸ਼ਾਰਾ ਉਹਨਾਂ ਮਾਂ ਬਾਪ ਵੱਲ ਕਰਦਾ ਹੈ ਜੋ ਬੱਚੇ ਦੀ ਮਰਜ਼ੀ ਜਾਣੇ ਬਿਨਾਂ ਉਹਨਾਂ ਉੱਪਰ ਆਪਣੀ ਫੈਸਲੇ ਥੋਪ ਕੇ ਉਹਨਾਂ ਨੂੰ ਉਹ ਕੁਝ ਬਣਾਉਣਾ ਚਾਹੁੰਦੇ ਹਨ, ਜੋ ਕਦੀ ਉਹਨਾਂ ਨੇ ਆਪ ਬਣਨ ਦਾ ਸੁਪਨਾ ਲਿਆ ਸੀ ਪਰ ਕਾਮਯਾਬ

ਨਾ ਹੋ ਸਕੇ। ਆਪਣੀ ਨਾਕਾਮਯਾਬੀ ਵਿੱਚੋਂ ਬੱਚੇ ਦੀ ਕਾਮਯਾਬੀ ਨੂੰ ਦੇਖਣਾ ਅੱਜ ਦੇ ਮੱਧ ਸ਼੍ਰੇਣੀ ਮਾਂ ਬਾਪ ਦਾ ਇੱਕ ਸੁਪਨਾ ਬਣ ਗਿਆ ਹੈ। ਇਸਦੇ ਨਾਲ ਕਹਾਣੀਕਾਰ ਰਾਹੁਲ ਦੀ ਭੈਣ ਸੁਲੇਖਾ ਵੱਲ ਵੀ ਵੱਲ ਇਸ਼ਾਰਾ ਕਰ ਰਿਹਾ ਹੈ ਜੋ ਪੜ੍ਹਨ ਵਿੱਚ ਰਾਹੁਲ ਜਿੰਨੀ ਹੁਸ਼ਿਆਰ ਹੈ। ਪਰ ਉਸਦਾ ਪਿਤਾ ਉਸਦੀ ਪੜ੍ਹਾਈ ਉੱਪਰ ਖਰਚਾ ਨਹੀਂ ਕਰਨਾ ਚਾਹੁੰਦਾ ਕਿਉਂਕਿ ਉਹ 'ਬੇਗਾਨਾ ਧਨ' ਹੈ। ਉਸਦੀ ਪੜ੍ਹਾਈ ਉੱਪਰ ਕੀਤਾ ਖਰਚ ਕੋਈ ਮੁਨਾਫਾ ਦੇਣ ਵਾਲਾ ਨਹੀਂ ਇਸ ਲਈ ਉਹ ਉਸਨੂੰ ਕਿਸੇ ਚੰਗੇ ਵਿਦਿਅਕ ਅਦਾਰੇ ਵਿੱਚ ਦਾਖ਼ਲ ਨਹੀਂ ਕਰਾਉਂਦਾ। ਇਸ ਦੇ ਉਲਟ ਰਾਹੁਲ ਦੀ ਪੜ੍ਹਾਈ ਉੱਪਰ ਹੋ ਰਿਹਾ ਖਰਚ ਉਸਨੂੰ ਸਹੀ ਇਨਵੈਸਟਮੈਂਟ ਲੱਗਦੀ ਹੈ। ਹੌਲੀ ਹੌਲੀ ਪੜ੍ਹਾਈ ਦੌਰਾਨ ਰਾਹੁਲ ਸਿਰਫ ਤੇ ਸਿਰਫ ਆਪਣੀ ਤਰੱਕੀ ਲਈ ਸੋਚਦਾ ਹੈ। ਜਿੱਥੇ ਉਸ ਲਈ ਰਿਸ਼ਤੇ ਨਾਤੇ ਸਭ ਨਾਂ ਦੇ ਬਰਾਬਰ ਹਨ ਜਾਂ ਉਹਨਾਂ ਨੂੰ ਪੈਸੇ ਦੇ ਤਰਾਜੂ ਵਿੱਚ ਪਾ ਕੇ ਤੋਲਦਾ ਹੈ। ਇਹ ਪੂੰਜੀਵਾਦੀ ਨਿਜ਼ਾਮ ਸਮਾਜ ਪ੍ਰਤੀ ਉਦਾਸੀਨਤਾ ਪੈਦਾ ਕਰਨ ਵਾਲੀਆਂ ਵਿਦਿਅਕ ਸੰਸਥਾਵਾਂ ਪੂੰਜੀਵਾਦ ਲਈ ਹੁਨਰੀ ਕਾਮੇ ਤਾਂ ਪੈਦਾ ਕਰਦੀਆਂ ਹਨ ਪਰ ਸਮਾਜਿਕ ਆਰਥਿਕ ਸੰਵੇਦਨਾ ਭਰਪੂਰ ਮਨੁੱਖ ਨੂੰ ਪੈਦਾ ਹੋਣ ਨਹੀਂ ਦਿੰਦੀਆਂ। ਇਹ ਪ੍ਰਬੰਧ ਮਨੁੱਖ ਨੂੰ ਕਿਰਤ ਅਤੇ ਸਮਾਜ ਨਾਲੋ ਵੀ ਤੋੜਦਾ ਹੈ।

ਸਵਿਤਾ ਮਹਿਸੂਸ ਕਰਦੀ ਹੈ ਕਿ ਨਵੀਂ ਪੀੜ੍ਹੀ ਲਈ ਜ਼ਿੰਦਗੀ ਦਾ ਮਤਲਬ ਸਿਰਫ ਵੱਧ ਤੋਂ ਵੱਧ ਤਰੱਕੀ ਕਰਨਾ ਹੀ ਹੈ। ਉਹਨਾਂ ਦਰਮਿਆਨ ਕਿਸੇ ਵੀ ਤਰ੍ਹਾਂ ਦੀ ਆਪਸੀ ਸਾਂਝ ਅਤੇ ਮੋਹ ਉਨ੍ਹਾਂ ਵਿੱਚ ਸ਼ਾਮਿਲ ਨਹੀਂ। ਵੱਧ ਤੋਂ ਵੱਧ ਪੈਸਾ ਕਮਾਉਣਾ ਤੇ ਲੋੜ ਨਾਲੋਂ ਵੱਧ ਪੈਸਾ ਖਰਚ ਕਰਨਾ ਇਹੀ ਨਵੀਂ ਪੀੜ੍ਹੀ ਦਾ ਟਾਰਗੇਟ ਹੈ। ਨਵੀਂ ਪੀੜ੍ਹੀ ਬਿਨਾਂ ਵਿਆਹ ਤੋਂ ਇਕੱਠੇ ਰਹਿਣਾ ਚਾਹੁੰਦੀ ਹੈ ਪਰ ਇੱਕ ਦੂਜੇ ਨਾਲ ਵਿਆਹ ਦੇ ਬੰਧਨ ਵਿੱਚ ਬੱਝ ਕੇ ਰਹਿਣਾ ਉਹਨਾਂ ਲਈ ਠੀਕ ਨਹੀਂ ਜਿਸ ਬਾਰੇ ਸ਼ਬੀਨਾ ਕਹਿੰਦੀ ਹੈ-

*"ਅੱਜ ਕੱਲ੍ਹ ਤਾਂ ਡਬਲ ਇਨਕਮ ਵਿਦਆਊਟ ਕਿਡਜ਼ ਦਾ ਜਮਾਨਾ ਹੈ।"*[3]

ਕਹਾਣੀਕਾਰ ਨੇ ਇਸ ਗੱਲ ਵੱਲ ਇਸ਼ਾਰਾ ਕੀਤਾ ਹੈ ਕਿ ਅੱਜ ਦੇ ਦੌਰ ਦੀ ਤਰੱਕੀ ਸਿਰਫ ਤੇ ਸਿਰਫ ਕਾਰਪੋਰੇਟ ਕਲਚਰ ਨੂੰ ਵਧਾਵਾ ਦੇਣਾ ਹੈ। ਇਹਨਾਂ ਉੱਚ ਵਿਦਿਅਕ ਸੰਸਥਾਵਾਂ ਵਿੱਚ ਕਿਸੇ ਵੀ ਕਿਸਮ ਦੀ ਸਮਾਜਿਕ ਤਰੱਕੀ ਦੀਆਂ ਸੰਭਾਵਨਾਵਾਂ ਦਿਖਾਈ ਨਹੀਂ ਦਿੰਦੀਆਂ 'ਅਰਜਨ ਦੇ ਚਿੜੀ ਦੀ ਅੱਖ ਦੇਖਣ ਵਾਂਗ ਸਿਰਫ ਤੇ ਸਿਰਫ ਆਪਣਾ ਟਾਰਗੇਟ ਦਿਖਾਈ ਦਿੰਦਾ ਹੈ। ਜਿਸ ਦੇ ਲਈ ਉਹ ਤਾਉਮਰ ਦੌੜਦੇ ਭੱਜਦੇ ਰਹਿੰਦੇ ਹਨ। ਜਿਸ ਬਾਰੇ ਸਵਿਤਾ ਨੂੰ ਜਾਪਦਾ ਹੈ –

*"ਉਹ ਤਾਂ ਕੀੜਿਆਂ ਵਰਗੀ ਜ਼ਿੰਦਗੀ ਜਿਉਂਦੇ ਹਨ, ਸਾਰਾ ਦਿਨ ਦਾਣੇ ਢੋਣੇ ਰਾਤ ਨੂੰ ਉਹਨਾਂ ਨੂੰ ਖਾ ਜਾਣਾ। ਪਸ਼ੂਆਂ ਵਾਂਗ ਕਾਮ ਵਿੱਚ ਰੁਚਿਤ ਹੋਏ ਰਹਿਣਾ ਸੈਕਸ, ਪੈਸਾ, ਟਾਰਗੇਟ ਇਹੀ ਉਹਨਾਂ ਦੀ ਜ਼ਿੰਦਗੀ ਹੈ।"*[4]

*ਨਵ-ਉਦਾਰਵਾਦੀ ਨੀਤੀਆਂ ਨੇ ਸਿੱਖਿਆ ਦੇ ਮਾਪ ਦੰਡ ਬਦਲ ਕੇ ਰੱਖ ਦਿੱਤੇ। ਸਿੱਖਿਆ ਵਿੱਚ ਸਮਾਜਿਕ ਸਰੋਕਾਰਾਂ ਅਤੇ ਨੈਤਿਕ ਮੁੱਲਾਂ ਨੂੰ ਮਨਫ਼ੀ ਕਰਕੇ ਵਿਅਕਤੀਗਤ ਤਰੱਕੀ ਨਾਲ ਜੋੜ ਕੇ ਆਰਥਿਕ ਤਰੱਕੀ ਨੂੰ ਅੱਖੋ-ਪਰੋਖੇ ਕਰ ਦਿੱਤਾ ਹੈ।*[5]

ਇਹ ਕਹਾਣੀ ਸਿਰਫ ਪੀੜ੍ਹੀਆਂ ਦੇ ਵਿਚਾਰਕ ਅੰਤਰ ਨੂੰ ਨਹੀਂ ਦਿਖਾਉਂਦੀ ਸਗੋਂ ਅਜੋਕੀ ਸਿੱਖਿਆ ਪ੍ਰਣਾਲੀ ਤੇ ਵੀ ਕਟਾਖ਼ਸ਼ ਕਰਦੀ ਹੈ। ਇਹ ਵਿਦਿਅਕ ਸੰਸਥਾਵਾਂ ਕਿਵੇਂ ਨੌਜਵਾਨਾਂ ਨੂੰ ਸਿੱਖਿਅਤ ਕਰਕੇ ਮਸ਼ੀਨਾਂ ਦੇ ਪੁਰਜੇ ਬਣਾ ਰਹੀਆਂ ਹਨ, ਜਿਨ੍ਹਾਂ ਨੇ ਮਨੁੱਖ ਅੰਦਰ ਸਮਾਜ ਪ੍ਰਤੀ ਸਮਝ ਪੈਦਾ ਕਰਨ ਦੀ ਸਮਰੱਥਾ ਖਤਮ ਕਰ ਦਿੱਤੀ ਹੈ। ਸਿੱਖਿਆ ਦਾ ਅਸਲੀ ਮਕਸਦ ਮਨੁੱਖ ਨੂੰ ਸੰਵੇਨਸ਼ੀਲ ਅਤੇ ਸਮਾਜਿਕ ਬਣਾਉਣਾ ਹੈ। ਪਰ ਅਜੋਕਾ ਤੰਤਰ ਉਸਨੂੰ ਕੇਵਲ 'ਮਸ਼ੀਨ' ਵਿੱਚ ਤਬਦੀਲ ਕਰ ਰਿਹਾ ਹੈ। ਨਤੀਜੇ ਵਜੋਂ ਅੱਜ ਦਾ ਨੌਜਵਾਨ ਆਪਣੇ ਪਰਿਵਾਰ, ਸੱਭਿਆਚਾਰ ਅਤੇ ਭਾਸ਼ਾ ਨਾਲੋਂ ਟੁੱਟ ਰਿਹਾ ਹੈ। ਇਹ ਉੱਚ ਸਿਖਿਅਤ ਸੰਸਥਾਵਾਂ 'ਦੌਲੇ ਸ਼ਾਹ' ਦੇ ਚੂਹਿਆਂ ਦੀ ਗਿਣਤੀ ਵਿੱਚ ਹੋਰ ਇਜਾਫ਼ਾ ਕਰ ਰਹੀਆਂ ਹਨ ਜੋ ਅੱਜ ਦੇ ਸਮੇਂ ਵਿੱਚ ਵੱਡੀ ਚਿੰਤਾ ਦਾ ਵਿਸ਼ਾ ਹੈ।

'ਹੈਡ ਹੰਟਰਜ਼' ਭਾਈਚਾਰਕ ਰਿਸ਼ਤਿਆਂ ਦੀ ਟੁੱਟ-ਭੱਜ, ਤਲਖ਼ੀਆਂ ਤੇ ਮੇਲ ਮਿਲਾਪ ਦਾ ਨਾਮ ਹੈ। ਇਸ ਕਹਾਣੀ ਦੀਆਂ ਕਈ ਪਰਤਾਂ ਹਨ। ਪਹਿਲੀ ਪਰਤ ਇੱਕ ਸਾਂਝੇ ਪਰਿਵਾਰ ਦੀ ਜ਼ਮੀਨ ਨੂੰ ਲੈ ਕੇ ਦੁਸ਼ਮਣੀ ਬਣਦੀ ਹੈ। ਇਸ ਦੁਸ਼ਮਣੀ ਕਾਰਨ ਪੰਦਰਾਂ ਸਾਲ ਦੋਹਾਂ ਪਰਿਵਾਰਾਂ ਵਿੱਚ ਖਿੱਚੋਤਾਣ ਚੱਲਦੀ ਹੈ। ਕਹਾਣੀ ਦਾ ਮੁੱਖ ਪਾਤਰ ਨਰਿੰਦਰ ਫੌਜੀ ਆਪਣੀ ਰਿਟਾਇਰਮੈਂਟ ਤੋਂ ਬਾਅਦ ਆਪਣੇ ਤਾਏ ਤੋਂ ਆਪਣੀ ਖੋਹੀ ਜ਼ਮੀਨ ਵਾਪਸ ਲੈਣ ਲਈ ਅਤੇ ਤਾਏ ਤੇ ਉਸਦੇ ਪੁੱਤ ਵੱਲੋਂ ਕੀਤੀ ਕੁੱਟਮਾਰ ਦਾ ਬਦਲਾ ਲੈਣ ਲਈ ਉਨ੍ਹਾਂ ਨੂੰ ਮਾਰਨ ਦੇ ਮਨਸੂਬੇ ਘੜਦਾ ਹੈ। ਇਸੇ ਦੌਰਾਨ ਜਦੋਂ ਉਹ ਆਪਣੇ ਨਾਗਾਲੈਂਡ ਦੇ ਦੋਸਤ(ਫਿਜ਼ੋ) ਨਾਲ ਉਸ ਦੇ ਘਰ ਜਾਂਦਾ ਹੈ ਤਾਂ ਉਥੇ ਉਹ ਆਪਣੇ ਦਾਦੇ ਨਾਲ ਮਿਲਾਉਂਦਾ ਹੈ। ਜੋ ਕਬਾਇਲੀ ਸਮਾਜ ਅੰਦਰ ਦੁਸ਼ਮਣ ਦਾ ਸਿਰ ਕਲਮ ਕਰਦਾ ਹੈ। ਉਸ ਦੇ ਬਦਲੇ ਵਿੱਚ ਕਬਾਇਲੀ ਸਮਾਜ ਉਸ ਤੇ ਮਾਣ ਕਰਦੇ ਹੋਏ 'ਹੈਡ ਹੰਟਰਜ਼' ਦੀ ਉਪਾਧੀ ਦਿੰਦੇ ਹਨ। ਜਿਸ ਨੂੰ ਪ੍ਰਾਪਤ ਕਰਕੇ ਉਹ ਆਪਣੇ ਆਪ ਨੂੰ ਆਤਮ ਸਨਮਾਨਿਤ ਮਹਿਸੂਸ ਕਰਦਾ ਹੈ। ਇਸੇ ਸੋਚ ਅਧੀਨ ਨਰਿੰਦਰ ਵੀ ਆਪਣੇ ਨਾਲ ਹੋਈ ਵਧੀਕੀ ਦਾ ਬਦਲਾ ਲੈਣਾ ਚਾਹੁੰਦਾ ਹੈ ਜਿਸ ਬਾਰੇ ਉਸਦੇ ਬੋਲ ਸਪਸ਼ਟ ਹਨ-

*"ਫਿਜ਼ੋ ਭਾਈ ਮੈਂ ਬਦਲਾ ਲੈਣਾ, ਜਿੰਨੀਆਂ ਸੱਟਾਂ ਮੇਰੇ ਸਰੀਰ 'ਤੇ ਲੱਗੀਆਂ ਨੇ ਮੈਂ ਉਨੇ ਹੀ ਟੱਕ ਆਪਣੇ ਸ਼ਰੀਕਾਂ ਦੇ ਪਿੰਡਿਆਂ ਤੇ ਲਾਉਣਾ ਚਾਹੁਨਾ, ਉਹਨਾਂ ਨੇ ਮੇਰੇ ਪੱਗ ਲਾਹੀ ਸੀ ਤੇ ਮੈਂ ਉਹਨਾਂ ਦੇ ਗਾਟੇ ਲਾਹੁਣੇ ਨੇ।"*[6]

ਜਦੋਂ ਨਰਿੰਦਰ ਸਿੰਘ ਰਿਟਾਇਰਮੈਂਟ ਤੋਂ ਬਾਅਦ ਪਿੰਡ ਵਾਪਸ ਪਹੁੰਚਦਾ ਹੈ ਤਾਂ ਉਸ ਸਮੇਂ ਦੌਰਾਨ ਕਿਸਾਨੀ ਅੰਦੋਲਨ ਸ਼ੁਰੂ ਹੁੰਦਾ ਹੈ। ਕਿਸਾਨ ਅੰਦੋਲਨ ਪੰਜਾਬ ਦੇ ਕਿਸਾਨਾਂ ਵਿੱਚ ਸਟੇਟ ਦੇ ਜਬਰ ਵਿਰੁੱਧ ਇੱਕ ਰੂਹ ਫੂਕਦਾ ਹੈ। ਕਿਸਾਨੀ ਅੰਦੋਲਨ ਪੰਜਾਬੀ ਕਿਸਾਨਾਂ ਅਤੇ ਬਾਸ਼ਿੰਦਿਆ ਤੇ ਵੱਖੋ ਵੱਖਰਾ ਅਸਰ ਛੱਡਦਾ ਹੈ। ਜਿਸ ਵਿੱਚ ਉਹ ਆਪਣੇ ਦੁਸ਼ਮਣ ਦੀ ਪਛਾਣ ਕੇਂਦਰ ਦੀ ਸਰਕਾਰ ਅਤੇ ਕਾਰਪੋਰੇਟ ਸੈਕਟਰ ਵਜੋਂ ਕਰਦੇ ਹਨ। ਜਿਸ ਕਰਕੇ ਨਰਿੰਦਰ ਸਿੰਘ ਅਤੇ ਉਸਦੇ ਤਾਏ ਦੇ ਪਰਿਵਾਰਾਂ ਦੀ ਦੁਸ਼ਮਣੀ ਦੇ ਕੋਈ ਮਾਇਨੇ ਨਹੀਂ ਬਚਦੇ।

*"ਕਿਸਾਨੀ ਸੰਘਰਸ਼ ਨੇ ਪੇਂਡੂ ਜੀਵਨ ਦੇ ਸਹਿਜਪਣ ਅਤੇ ਸਾਂਝ ਨੂੰ ਨਵੇ ਅਰਥ ਦਿੱਤੇ ਜਿਸ ਨਾਲ ਆਪਸੀ ਏਕਤਾ ਤੇ ਭਾਈਚਾਰਕ ਸਾਂਝ ਵੱਧਣ ਨਾਲ ਆਪਸੀ ਵਖਰੇਵਿਆਂ ਦੀ ਲੀਹ ਘਟੀ ਹੈ।"*[7]

ਜਿੱਥੇ ਲੋਕਾਂ ਨੂੰ ਸਮਝ ਆ ਗਈ ਸੀ ਕਿ ਛੋਟੀਆਂ ਛੋਟੀਆਂ ਗਰਜਾਂ ਪਿੱਛੇ ਵੱਡੀਆਂ ਮਾਰਾਂ ਪੈ ਸਕਦੀਆਂ ਹਨ। ਕਿਸਾਨੀ ਅੰਦੋਲਨ ਨੇ ਲੋਕਾਂ ਦੇ ਅੰਦਰ ਸ਼ਰੀਕ

ਸ਼ਬਦ ਦੇ ਸਾਰਥਿਕ ਅਰਥਾਂ ਨੂੰ ਸਮਝਾਉਦਿਆਂ ਉਹਨਾਂ ਅੰਦਰ ਭਾਈਚਾਰੇ ਦੀ ਭਾਵਨਾ ਨੂੰ ਪ੍ਰਬਲ ਕੀਤਾ ਹੈ। ਜਿਸ ਦੇ ਤਹਿਤ ਨਰਿੰਦਰ ਦੇ ਤਾਏ ਨੇ ਵੀ ਆਪਣੀ ਗਲਤੀ ਨੂੰ ਮੰਨਦਿਆਂ ਭੁੱਬ ਮਾਰ ਕੇ ਕਿਹਾ-

*"ਸ਼ੇਰਾ ਬਾਲੀ ਵੱਡੀ ਗਲਤੀ ਹੋ ਗਈ ਚਾਰ ਕਨਾਲਾਂ ਦੀ ਕੀ ਗੱਲ ਹੁੰਦੀ ਹੈ, ਐਵੇਂ ਹੀ ਘਰ ਦਾ ਘਰ ਪਾਟੇ ਰਹੇ ਆਂ। ਜਿਸ ਦਿਨ ਆਪਾਂ ਵਾਪਸ ਜਾਵਾਂਗੇ, ਮੈਂ ਆਪ ਵੱਟ ਪਾ ਕੇ ਤੇਰੀ ਜ਼ਮੀਨ ਦੇਵਾਂਗਾ, ਤੇਰੇ ਨਾਲ ਜੋ ਧੱਕਾ ਕੀਤਾ ਉਹਦੇ ਲਈ ਮੈਨੂੰ ਮਾਫ ਕਰ ਦੇ, ਸ਼ੇਰਾ ਟੁੱਟੀਆਂ ਬਾਹਾਂ ਤਾਂ ਗਲ ਨੂੰ ਹੀ ਆਉਂਦੀਆਂ ਨੇ।" "ਉਧਰ ਤਾਏ ਦੇ ਪੁੱਤ ਜੀਤੀ ਨੇ ਵੀ ਭਾਈਚਾਰੇ ਦੀ ਪ੍ਰਤੀਕ 'ਪੱਗ' ਦੇ ਕੇ ਨਰਿੰਦਰ ਤੋਂ ਮਾਫੀ ਮੰਗ ਲਈ।"*[8]

ਕਹਾਣੀਕਾਰ ਇਸ ਕਹਾਣੀ ਦੇ ਜਰੀਏ ਇਹ ਗੱਲ ਸਪਸ਼ਟ ਕਰਦਾ ਹੈ ਕਿ ਕਿਸਾਨੀ ਅੰਦੋਲਨ ਨੇ ਪਿੰਡਾਂ ਅਤੇ ਪੇਂਡੂ ਬਾਸ਼ਿੰਦਿਆਂ ਨੂੰ ਦੁਸ਼ਮਣਾਂ ਦੀ ਪਛਾਣ ਕਰਵਾ ਦਿੱਤੀ ਹੈ। ਉਹਨਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਗਈ ਕਿ ਕਿਸੇ ਵੀ ਸਮੱਸਿਆ ਦਾ ਹੱਲ ਇਕੱਠਿਆਂ ਬੈਠ ਕੇ ਕੀਤਾ ਜਾ ਸਕਦਾ ਹੈ। ਜਿਵੇਂ-

*"ਕੱਠੇ ਹੋ ਕੇ ਲੜਨਗੇ ਤਾਂ ਕੀ ਨਹੀਂ ਹੋ ਸਕਦਾ! ਦੇਖਿਆ ਨਹੀਂ ਤੀ, ਦਿੱਲੀ ਕਿਵੇਂ ਗੋਡਨੀਆਂ ਲਵਾ ਤੀਆਂ ਤੀ।"*[9]

'ਹੈਪੀ ਐਂਡਿੰਗ' ਕਹਾਣੀ ਦੇ ਰਾਹੀਂ ਕਹਾਣੀਕਾਰ ਨੇ ਅਜੋਕੇ ਸਮਾਜ ਵਿੱਚ ਵਿਆਹ ਬਾਹਰੇ ਨਜਾਇਜ ਸੰਬੰਧਾ ਦੀ ਸਮੱਸਿਆ ਨੂੰ ਉਜਾਗਰ ਕੀਤਾ ਹੈ। ਕਿ ਕਿਸ ਤਰ੍ਹਾਂ ਮਨੁੱਖ ਕਾਮ ਦੀ ਭੁੱਖ ਵਿੱਚ ਆਪਣਾ ਸਭ ਕੁਝ ਗਵਾ ਬੈਠਦਾ ਹੈ? ਇਸ ਕਹਾਣੀ ਨੂੰ ਕਈ ਪੱਖਾਂ ਤੋਂ ਸਮਝਿਆ ਜਾ ਸਕਦਾ ਹੈ। ਪਹਿਲਾ ਪੱਖ ਕ੍ਰਿਸ਼ਨਾ ਜੋ ਟਰੈਕਿੰਗ ਲਈ ਗਾਈਡ ਦਾ ਕੰਮ ਕਰਦਾ ਹੈ। ਉਹ ਆਪਣੇ ਟਰੈਕਿੰਗ ਦੇ ਕੰਮ ਨਾਲ ਆਪਣੀਆਂ ਵਿਦੇਸ਼ੀ ਗਾਹਕਾਂ (ਗੋਰੀਆਂ) ਦਾ ਗਾਈਡ ਬਣਦਾ ਹੈ। ਉਹਨਾਂ ਦੇ ਕਹਿਣ ਤੇ ਉਹਨਾਂ ਨਾਲ ਸਰੀਰਕ ਸਬੰਧ ਵੀ ਬਣਾਉਂਦਾ ਹੈ। ਜਿਸ ਨੂੰ ਉਹ 'ਹੈਪੀ ਐਂਡਿੰਗ' ਦਾ ਨਾਂ ਦਿੰਦਾ ਹੈ। ਇੱਕ ਪਾਸੇ ਕ੍ਰਿਸ਼ਨਾ ਮਰਦਾਨਗੀ ਸੋਚ ਦੇ ਅਧੀਨ ਵਿਆਹ ਬਾਹਰੇ ਸਰੀਰਕ ਸਬੰਧ ਬਣਾਕੇ ਉਸ ਵਿੱਚੋਂ ਖੁਸ਼ੀ ਪ੍ਰਾਪਤ ਕਰਦਾ ਹੈ। ਪਰ ਨਾਲ ਹੀ ਕਹਾਣੀਕਾਰ ਇਸ ਗੱਲ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਸਾਡੇ ਸਮਾਜ ਵਿੱਚ ਦੇਹ ਵਪਾਰ ਦਾ ਧੰਦਾ ਸਿਰਫ ਔਰਤਾਂ ਹੀ ਨਹੀਂ ਕਰਦੀਆਂ ਬਲਕਿ ਆਪਣੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਮਰਦ ਵੀ ਦੇਹ ਵਪਾਰ ਧੰਦੇ ਵਿੱਚ ਆਉਣ ਲੱਗ ਪਏ ਹਨ। ਕ੍ਰਿਸ਼ਨਾ ਦੀ ਹਾਲਤ ਵੀ ਕੁਝ ਅਜਿਹੀ ਦਿਖਾਈ ਦਿੰਦੀ ਹੈ। ਪਰ ਇਸ ਤੋਂ ਜਿਆਦਾ ਉਹ ਇਸ ਵਿੱਚ ਖੁਸ਼ੀ ਮਹਿਸੂਸ ਕਰਦਾ ਜੋ ਉਸਦੇ ਬੋਲਾਂ ਤੋਂ ਸਾਫ ਜਾਹਿਰ ਹੁੰਦਾ ਹੈ

*"ਸੇਰਦਾਰ ਜੀ ਜਬ ਵੀ ਹਮ ਟਰੈਕ ਪੇ ਗੋਰੀਓਂ ਕੋ ਲੇਕੇ ਜਾਤਾਂ ਹੈ ਨਾ ਤੇ ਮਜਾ ਆ ਜਾਤਾ ਹੈ।"*[10]

ਦੂਸਰਾ ਪੱਖ ਇਸ ਕਹਾਣੀ ਦਾ ਇਹ ਹੈ ਕਿ ਕ੍ਰਿਸ਼ਨਾ ਆਪਣੀ ਪ੍ਰੇਮਿਕਾ ਨਾਲ ਆਪਣੀ ਪਤਨੀ ਸਰਲਾ ਦੇ ਹੁੰਦਿਆਂ ਉਸ ਨਾਲ ਸਰੀਰਕ ਸਬੰਧ ਕਾਇਮ ਕਰਦਾ ਹੈ। ਇਹਨਾਂ ਦੋਹਾਂ ਘਟਨਾਵਾਂ ਨਾਲ ਉਸਨੂੰ ਆਪਣੀ ਜਿੰਦਗੀ ਦਾ ਆਨੰਦ ਤੇ ਸਰੂਰ ਮਿਲਦਾ ਹੈ ਇਹੀ ਹੈਪੀ ਐਂਡਿੰਗ ਉਸਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਇਸ ਦੇ ਉਲਟ ਜਦੋਂ ਉਸਦੀ ਪਤਨੀ (ਸਰਲਾ) ਉਸਦੇ ਟਰੈਕਿੰਗ ਗਏ ਤੋਂ ਬਾਅਦ ਆਪਣੇ ਪ੍ਰੇਮੀ ਨੂੰ ਆਪਣੇ ਘਰ ਵਿੱਚ ਬੁਲਾਉਂਦੀ ਹੈ ਅਤੇ ਅਚਾਨਕ ਕ੍ਰਿਸ਼ਨਾ ਦੇ ਉਥੇ ਪਹੁੰਚਣ ਤੇ ਜਦੋਂ ਉਹ ਦੋਹਾਂ ਨੂੰ ਦੇਖਦਾ ਹੈ ਤਾਂ ਉਸ ਦੇ ਹੋਸ਼ ਉੱਡ ਜਾਂਦੇ ਹਨ।ਇੱਥੇ ਸਰਲਾ ਦੀ ਹੈਪੀ ਐਂਡਿੰਗ ਵਾਲੀ ਜਿੰਦਗੀ ਕ੍ਰਿਸ਼ਨਾ ਦੀ ਹੈਪੀ ਐਂਡਿੰਗ ਜ਼ਿੰਦਗੀ ਨੂੰ ਬਦਲ ਦਿੰਦੀ ਹੈ। ਜਿਸ ਵਿੱਚੋਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਹੈਪੀ ਐਂਡਿੰਗ ਅਸਲ ਵਿੱਚ ਹੈਪੀ ਐਂਡਿੰਗ ਨਹੀਂ ਬਰਬਾਦੀ ਹੈ। ਜਦੋਂ ਕ੍ਰਿਸ਼ਨਾ ਆਪਣੇ ਘਰ ਵਾਲੀ ਨੂੰ ਕੁੱਟਦਾ ਮਾਰਦਾ ਹੈ ਤਾਂ ਉਸਦੀ ਘਰਵਾਲੀ ਕਹਿੰਦੀ ਹੈ ਕਿ ਮੈਨੂੰ ਵੀ ਖੁਸ਼ੀ ਚਾਹੀਦੀ ਹੈ। ਉਹ ਆਪਣੇ ਪ੍ਰੇਮੀ ਨਾਲ ਬਣਾਏ ਸਰੀਰਕ ਸੰਬੰਧਾਂ ਨੂੰ ਜਾਇਜ਼ ਠਹਿਰਾਉਂਦੀ ਹੈ। ਤਾਂ ਕ੍ਰਿਸ਼ਨਾ ਦੀ ਮਰਦ ਹਉਮੈ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਕ੍ਰਿਸ਼ਨਾ ਕੰਮ ਕਾਰ ਛੱਡ ਦਿੰਦਾ ਹੈ, ਤੇ ਮਾਨਸਿਕ ਤਨਾਅ ਵਿੱਚ ਗ੍ਰਸਤ ਹੋ ਜਾਂਦਾ ਹੈ। ਜਿੱਥੇ ਕ੍ਰਿਸ਼ਨਾ ਦੇ ਬੋਲਾਂ ਤੋਂ ਉਸ ਦਾ ਦੁੱਖ ਸਾਫ ਝਲਕਦਾ ਹੈ-

*"ਅਰੇ ਸਰਦਾਰ ਜੀ ਕੋਈ ਹੈਪੀ ਐਂਡਿੰਗ ਨਹੀਂ ਹੋਤੀ ਸਭ ਬਕਵਾਸ ਹੈ ਸਭ ਆਦਮੀ ਕੇ ਮਨ ਕਾ ਵਹਿਮ ਹੈ ਕੁਛ ਹੈਪੀ ਹੋ ਰਹਾ ਹੈ।"ਸਾਲੀ ਹੈਪੀ ਐਂਡਿੰਗ ਨੇ ਤੋ ਜਿੰਦਗੀ ਬਰਬਾਦ ਕਰਦੀ"*[11]

ਇੱਥੇ ਕਹਾਣੀਕਾਰ ਇਸ਼ਾਰਾ ਕਰਦਾ ਹੈ ਕਿ ਦੋਹਾਂ ਧਿਰਾਂ ਵਿੱਚ ਜਦੋਂ ਤੱਕ 'ਢੱਕੀ ਰਿੱਝੀ' ਜਾਵੇ ਉਦੋਂ ਤੱਕ ਸਭ ਠੀਕ ਹੈ ਅਤੇ ਜਦੋਂ ਜੱਗ ਜਾਹਿਰ ਹੋ ਜਾਵੇ ਤਾਂ ਹੱਸਦੇ ਵੱਸਦੇ ਪਰਿਵਾਰ ਖਤਮ ਹੋ ਜਾਂਦੇ ਹਨ। ਕਹਾਣੀਕਾਰ ਦੀ ਅਗਲੀ ਕਹਾਣੀ 'ਤੁਖਮ 'ਜਿਸ ਦੇ ਸਿਰਲੇਖ ਨੂੰ ਕਹਾਣੀ ਬਿਰਤਾਂਤ ਵਿੱਚ 'ਤੁਖ਼ਮ' ਦੇ ਅਰਥ ਮਨੁੱਖੀ ਬੀਜ ਨੂੰ ਵਿਰੋਧਾਭਾਸੀ ਰੂਪ ਵਿੱਚ ਪੇਸ਼ ਕੀਤਾ ਹੈ। ਮਰਦਾਵੇਂ ਸਮਾਜਿਕ ਪ੍ਰਬੰਧ ਵਿੱਚ ਮਰਦ ਦੀ ਸਰੀਰਕ ਨਿਪੁੰਸਕਤਾ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਕਹਾਣੀ ਵਿੱਚ ਗੋਰਾ ਜੋ ਕਿ ਪੰਦਰਾਂ ਕਿੱਲਿਆਂ ਦਾ ਮਾਲਕ ਹੈ। ਉਸ ਦੀ ਦੂਜੀ ਪਤਨੀ ਮਨਜੀਤ ਕੌਰ ਜੋ ਕਿ ਗਰੀਬ ਕਿਸਾਨ ਦੀ ਧੀ ਹੈ। ਉਸਦੇ ਬਾਪ ਕੋਲ ਕੁੜੀ ਨੂੰ ਵਿਆਹੁਣ ਲਈ ਪੈਸਾ ਨਹੀਂ ਹੈ। ਆਪਣੀ ਆਰਥਿਕ ਕਮਜ਼ੋਰੀ ਕਾਰਨ ਉਹ ਗੋਰੇ ਦੇ ਪਹਿਲੇ ਵਿਆਹ ਦੇ ਟੁੱਟਣ ਬਾਰੇ ਕੋਈ ਪੁੱਛ ਪੜਤਾਲ ਕਰਨੀ ਜਰੂਰੀ ਨਹੀਂ ਸਮਝਦਾ ਬਲਕਿ ਪੰਦਰਾਂ ਕਿੱਲਿਆਂ ਦੇ ਲਾਲਚ ਵੱਸ ਆਪਣੀ ਧੀ ਮਨਜੀਤ ਕੌਰ ਦਾ 'ਝੱਟ ਮੰਗਣੀ ਪੱਟ ਵਿਆਹ' ਕਰ ਦਿੰਦਾ ਹੈ। ਮਨਜੀਤ ਕੌਰ ਚਾਰ ਸਾਲ ਤੱਕ ਮਾਂ ਨਹੀਂ ਬਣਦੀ ਤਾਂ ਉਸਦੀ ਸੱਸ ਉਸ ਨੂੰ ਤਾਅਨੇ ਮਿਹਣੇ ਮਾਰਨੇ ਸ਼ੁਰੂ ਕਰਦੀ ਹੈ-

*"ਲੈ ਦੂਜੀ ਵੀ ਬਾਂਝ ਆ ਗਈ, ਲੱਗਦਾ ਇਹ ਘਰ ਤਾਂ ਔਂਤ ਜਾਊ।"*[12]

ਇਥੇ ਤੱਕ ਡਾਕਟਰੀ ਰਿਪੋਰਟ ਤੋਂ ਜਦੋਂ ਇਹ ਗੱਲ ਸਾਫ ਜਾਹਿਰ ਹੋ ਜਾਂਦੀ ਹੈ ਕਿ ਮਨਜੀਤ ਦੇ ਮਾਂ ਨਾ ਬਣਨ ਦਾ ਕਾਰਨ ਖੁਦ ਮਨਜੀਤ ਨਹੀਂ ਬਲਕਿ ਗੋਰੇ ਦੀ ਸਰੀਰਕ ਕਮਜ਼ੋਰੀ ਹੈ। ਜੋ ਬੱਚਾ ਪੈਦਾ ਕਰਨ ਦੇ ਸਮਰੱਥ ਨਹੀਂ ਤਾਂ ਮਨਜੀਤ ਦੀ ਸੱਸ ਡਾਕਟਰੀ ਰਿਪੋਰਟ ਤੇ ਤੜਫਦੀ ਹੈ- "ਲੈ ਮੈਨੂੰ ਪਤਾ ਨਹੀਂ ਭਲਾ ਘੋੜੇ ਵਰਗਾ ਮੇਰਾ ਪੁੱਤ, ਜੇ ਕੋਈ ਘਾਟ ਹੁੰਦੀ ਤਾਂ ਦਿਸਦੀ ਨਾ।" ਨਾਲ ਹੀ ਮਨਜੀਤ ਨੂੰ ਤਾੜਦੀ ਹੋਈ ਕਹਿੰਦੀ ਹੈ –

*"ਬਾਹਰ ਕਿਸੇ ਨੂੰ ਪਤਾ ਲੱਗਿਆ ਤਾਂ ਮੈਥੋਂ ਬੁਰਾ ਕੋਈ ਨਹੀਂ ਮੇਰੇ ਪੁੱਤ ਦੀ ਬਦਨਾਮੀ ਨਹੀਂ ਹੋਣੀ ਚਾਹੀਦੀ।"*[13]

ਕਹਾਣੀਕਾਰ ਨੇ ਇਸ ਕਹਾਣੀ ਜਰੀਏ ਵਿਗਿਆਨਿਕ ਤਕਨੀਕਾਂ ਅਤੇ ਮਨੁੱਖੀ ਰਿਸ਼ਤਿਆਂ ਦੇ ਦਵੰਦ ਦੇ ਬਿਰਤਾਂਤ ਨੂੰ ਸਿਰਜਿਆ ਹੈ । ਸਮਾਜਿਕ ਪੱਧਰ

ਤੇ ਮਨਜੀਤ ਦੀ ਸੱਸ ਗੈਰ ਪ੍ਰਵਾਨਿਤ ਰਿਸ਼ਤਿਆਂ ਵਿੱਚੋਂ ਬੱਚਾ ਪੈਦਾ ਕਰਕੇ ਆਪਣੇ ਪੁੱਤਰ ਦੀ ਸਰੀਰਕ ਕਮਜ਼ੋਰੀ ਨੂੰ ਜੱਗ ਤੋਂ ਲੁਕਾਉਣਾ ਚਾਹੁੰਦੀ ਹੈ ਅਤੇ ਆਪਣੇ ਘਰ ਪਰਿਵਾਰ ਨੂੰ ਹੱਸਦਾ ਵੱਸਦਾ ਵੇਖਣਾ ਚਾਹੁੰਦੀ ਹੈ ।ਇਸ ਲਈ ਉਹ ਮਨਜੀਤ ਨੂੰ ਉਸ ਦੇ ਨਣਦੋਈਏ ਨਾਲ ਸਬੰਧ ਬਣਾਉਣ ਲਈ ਕਹਿੰਦੀ ਹੈ ਜਦੋਂ ਕਿ ਮਾਲਵੇ ਵਿੱਚ ਇਸ ਰਿਸ਼ਤੇ ਨੂੰ ਭੈਣ ਭਰਾ ਦੇ ਰਿਸ਼ਤੇ ਵਜੋਂ ਸਵੀਕਾਰਿਆ ਜਾਂਦਾ ਹੈ। ਪਰ ਜਦੋਂ ਮਨਜੀਤ ਸੱਸ ਅਤੇ ਨਣਦ ਦੇ ਸੁਲਝਾਏ ਰਾਹ ਤੇ ਝੱਲਣ ਤੋਂ ਇਨਕਾਰ ਕਰਦੀ ਹੈ ਤਾਂ ਉਸਦੀ ਸੱਸ ਗੁੱਸੇ ਵਿੱਚ ਬੋਲਦੀ ਹੈ –

*"ਲੋਕ ਤੇਰੇ ਧਗੜੇ ਨੂੰ ਨਾਮਰਦ ਨਾ ਕਹਿਣ ਤੇ ਘਰ ਨੂੰ ਵਾਰਸ ਮਿਲ ਜਾਵੇ ,ਇਸ ਲਈ ਅਸੀਂ ਹੂਲਾ ਫੱਕਦੇ ਆ।"* [14]

ਮਰਦ ਪ੍ਰਧਾਨ ਸਮਾਜ ਅੰਦਰ ਕੁਦਰਤੀ ਸਰੀਰਕ ਕਮਜ਼ੋਰੀ ਨੂੰ ਮਰਦ ਆਪਣੀ ਸਮਾਜਿਕ ਨਮੋਸ਼ੀ ਮੰਨਦਾ ਹੈ। ਇਸ ਸਮਾਜਿਕ ਨਮੋਸ਼ੀ ਤੋਂ ਬਚਣ ਲਈ ਅਤੇ ਸਮਾਜ ਵਿੱਚ ਆਪਣੀ ਮਰਦਾਨਗੀ ਸਾਬਤ ਕਰਨ ਲਈ ਅੰਦਰ ਖਾਤੇ ਗੋਰਾ ਵੀ ਗੈਰ ਪ੍ਰਵਾਨਿਤ ਰਿਸ਼ਤਿਆਂ ਵਿੱਚੋਂ ਬੱਚਾ ਪੈਦਾ ਕਰਨ ਦੀ ਹਾਮੀ ਭਰਦਾ ਹੈ। ਜਦੋਂ ਮਨਜੀਤ ਗੋਰੇ ਕੋਲ ਆਪਣਾ ਦੁੱਖ ਰੋਂਦੀ ਹੈ ਤਾਂ ਗੋਰੇ ਦਾ ਖੂਨ ਖੋਲਣ ਦੀ ਬਜਾਏ ਘਰ ਦੀ ਗੱਲ ਘਰ ਵਿੱਚ ਰਹਿਣ ਦੀ ਤਾਕੀਦ ਕਰਦਾ ਹੋਇਆ ਕਹਿੰਦਾ ਹੈ –

*"ਬੇਬੇ ਆਪਣਾ ਭਲਾ ਹੀ ਸੋਚਦੀ ਹੈ ਜਿਵੇਂ ਕਹਿੰਦੀ ਹੈ ਉਵੇਂ ਕਰ ਘਰ ਵਾਸਤੇ ਹੀ ਹੈ ਸਾਰਾ ਕੁਝ।"* [15]

ਪਰ ਜਦੋਂ ਮਨਜੀਤ ਮਾਂ ਧੀ ਦੀ ਬਣਾਈ ਸਕੀਮ ਨੂੰ ਰੱਦ ਕਰਦੀ ਹੈ ਤਾਂ ਉਸ ਤੋਂ ਬਾਅਦ ਮਨਜੀਤ ਤੇ ਗੋਰਾ ਘਰ ਨੂੰ ਅੱਗੇ ਵਧਾਉਣ ਲਈ ਮੈਡੀਕਲ ਤਕਨੀਕ ਰਾਹੀਂ (IVF) ਕਰਵਾ ਕੇ ਘਰ ਲਈ ਵਾਰਸ ਪੈਦਾ ਕਰਦੇ ਹਨ ਪਰ ਚੇਤਨ (ਗੋਰੇ ਦਾ ਮੁੰਡਾ) ਜਿਸ ਦਾ ਮੜੰਗਾ ਜਦੋਂ ਉਸਦੇ ਪਰਿਵਾਰ ਨਾਲ ਨਹੀਂ ਮਿਲਦਾ ਤਾਂ ਉਸਦੇ ਨਾਲ ਦੇ ਜਵਾਕ ਤੇ ਪਿੰਡ ਦੇ ਲੋਕ ਉਸ ਤੋਂ ਉਸਦੇ ਅਸਲੀ ਬਾਪ ਦਾ ਨਾਮ ਪੁੱਛਦੇ ਹਨ । ਚੇਤਨ ਵੀ ਇਸ ਸਮਾਜਿਕ ਨਮੋਸ਼ੀ ਨੂੰ ਝੱਲ ਨਹੀਂ ਸਕਦਾ ਜਿਸ ਕਰਕੇ ਉਹ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਗੋਰਾ ਆਪਣੇ ਸਰੀਰਕ ਕਮਜ਼ੋਰੀ ਦੇ ਜੱਗ ਜਾਹਿਰ ਹੋਣ ਤੇ ਇਸ ਨਮੋਸ਼ੀ ਨੂੰ ਝੱਲ ਨਹੀਂ ਸਕਦਾ ਅਤੇ ਸ਼ਰਾਬ ਦਾ ਵੱਧ ਸਹਾਰਾ ਲੈਣ ਲੱਗਦਾ ਹੈ। ਘਰ ਵਿੱਚ ਮਨਜੀਤ ਦੀ ਕੁੱਟ ਮਾਰ ਕਰਦਾ ਹੈ-

*"ਮੇਰੇ ਸਾਲੇ ਦੀ ਨੇ ਪਿੰਡ ਵਿੱਚ ਮੂੰਹ ਦਿਖਾਉਣ ਦੇ ਜੋਗਾ ਨਹੀਂ ਛੱਡਿਆ"*
*"ਸਾਲੇ ਚੰਗੇ ਜੀਆਂ ਦੇ ਇਸ ਧਗੜੇ ਨੇ ਤਾਂ ਮੇਰਾ ਜਿਉਣਾ ਹਰਾਮ ਕਰ ਦਿੱਤਾ।"* [16]

ਦੂਜੇ ਪਾਸੇ ਮਨਜੀਤ ਦੀ ਨਨਾਣ (ਚੇਤਨ ਦੀ ਭੂਆ) ਵੀ ਆਪਣੇ ਮਾਂ ਬਾਪ ਦੀ ਮੌਤ ਤੋਂ ਬਾਅਦ ਆਪਣੇ ਹਿੱਸੇ ਦੀ ਜ਼ਮੀਨ ਵੰਡਾਂ ਲੈਂਦੀ ਹੈ। ਜਦੋਂ ਚੇਤਨ ਭੂਆ ਨੂੰ ਆਪਣੇ ਖੂਨ ਦਾ ਵਾਸਤਾ ਪਾਉਂਦਾ ਕਹਿੰਦਾ ਹੈ ਕਿ –

*"ਮੈਂ ਤੁਹਾਡੀ ਅੰਸ਼ ਹਾਂ' ਤਾਂ ਭੂਆ ਗਰਜਦੀ ਹੈ -"ਤੂੰ ਹਰਾਮ ਦਿਆਂ ਤੁਖ਼ਮਾ ਢੇਕਾ ਲੱਗਦਾ ਅੰਸ਼ ਦਾ, ਆਪਣੀ ਮਾਂ ਨੂੰ ਪੁੱਛ ,ਤੂੰ ਕਿਸ ਦਾ ਬੀਅ ਹੈ, ਕੌਣ ਹੈ ਤੇਰਾ ਪਿਓ?"* [17]

ਇੱਕ ਪਾਸੇ ਮਰਦਾਵੀਂ ਸਮਾਜਿਕ ਬਣਤਰ ਅਨੁਸਾਰ ਰਾਣੀ ਆਪਣੇ ਭਰਾ ਦੀ ਸਰੀਰਕ ਕਮਜ਼ੋਰੀ ਨੂੰ ਜੱਗ ਤੋਂ ਲੁਕਾਉਣ ਲਈ ਮਾਂ ਨਾਲ ਰਲ ਕੇ ਗੈਰ ਪ੍ਰਵਾਨਿਤ ਸਰੀਰਕ ਸਬੰਧਾਂ ਨੂੰ ਮਾਨਤਾ ਦਿੰਦੀ ਹੈ। ਪਰ ਇਸ ਦੇ ਉਲਟ ਜਦੋਂ ਮਨਜੀਤ ਮੈਡੀਕਲ ਤਕਨੀਕ (IVF) ਦੁਆਰਾ ਬੱਚਾ ਪੈਦਾ ਕਰਦੀ ਹੈ ਤਾਂ ਰਾਣੀ ਉਸਨੂੰ ਆਪਣੇ ਭਰਾ ਦੀ ਔਲਾਦ ਵਜੋਂ ਸਵੀਕਾਰ ਨਹੀਂ ਕਰਦੀ। ਇਸ ਲਈ ਉਹ ਜ਼ਮੀਨ ਵਿੱਚੋਂ ਹਿੱਸਾ ਵੰਡਾਉਦੀ ਹੈ। ਕਹਾਣੀਕਾਰ ਇਸ ਕਹਾਣੀ ਦੇ ਪਾਤਰ ਗੋਰੇ ਦੀ ਸਰੀਰਕ ਨਿਪੁੰਸਕਤਾ ਨੂੰ ਪੰਜਾਬ ਦੇ ਮੁੰਡਿਆਂ ਦੀ ਨਿਪੁੰਸਕਤਾ ਨਾਲ ਜੋੜਦਾ ਹੈ। ਗੋਰੇ ਦੇ ਮੁੰਡੇ ਚੇਤਨ ਦਾ ਮੜੰਗਾ ਅਤੇ ਰੰਗ ਘਰ ਦੇ ਕਿਸੇ ਮੈਂਬਰ ਨਾਲ ਨਹੀਂ ਮਿਲਦਾ। ਇਥੇ ਕਹਾਣੀਕਾਰ ਪੰਜਾਬ ਵਿੱਚ ਪੈਦਾ ਕੀਤੇ ਚਲਾਊ ਕਿਸਮ ਦੇ ਬਿਰਤਾਂਤ ਦਾ ਸਹਾਰਾ ਲੈਂਦਾ ਹੈ ਕਿ ਪੰਜਾਬ ਵਿੱਚ ਇਸ ਵਰਤਾਰੇ ਸਬੰਧੀ ਪ੍ਰਚਾਰ ਇਕ ਖਾਸ ਧਿਰ ਵੱਲੋਂ ਚਲਾਇਆ ਜਾ ਰਿਹਾ ਹੈ। ਪੰਜਾਬੀ ਕੌਮ ਨੂੰ ਨਸ਼ਟ ਕਰਨ ਲਈ (IVF) ਸੈਂਟਰਾਂ ਵਿੱਚ ਵੀਰਜ ਯੂਪੀ, ਬਿਹਾਰ ਦੇ ਭਈਆਂ ਤੋਂ ਲਿਆ ਜਾਂਦਾ ਹੈ ਤਾਂ ਕਿ ਪੰਜਾਬ ਵਿੱਚ ਪੰਜਾਬੀ ਖਾਸ ਕਰਕੇ ਸਿੱਖਾਂ ਦੀ ਨਸਲ ਵਿੱਚ ਰਲੇਵਾਂ ਕੀਤਾ ਜਾਵੇ।

ਕਹਾਣੀ ਸੰਗ੍ਰਹਿ ਦੀ ਅਗਲੀ ਕਹਾਣੀ 'ਤਪਸ਼' ਜਰੀਏ ਕਹਾਣੀਕਾਰ ਮੌਜੂਦਾ ਪੇਂਡੂ ਅਰਥਚਾਰੇ ਵਿੱਚ ਤਿੰਨ ਧਿਰਾਂ ਦੀ ਮੁਸਤੈਦੀ ਹੋਣ ਦੀ ਚਰਚਾ ਨੂੰ ਪੇਸ਼ ਕਰਦਾ ਹੈ। ਇੱਕ ਧਿਰ ਸਾਧਨਾ ਨੂੰ ਹਥਿਆਉਣ ਵਾਲੇ ਹਨ ਅਤੇ ਦੂਜੀ ਧਿਰ ਸਾਧਨਾ ਦੀ ਮਾਲਕੀ ਤੋਂ ਵਿਰਵੇ ਹੋ ਰਹੇ ਹਨ ਅਤੇ ਤੀਸਰੀ ਧਿਰ ਉਹ ਸੰਵੇਦਨਸ਼ੀਲ ਵਿਅਕਤੀ ਜਿਨ੍ਹਾਂ ਦੇ ਵਿਚਾਰਾਂ ਦੀ ਤਰਜਮਾਨੀ ਜਾਂ ਵਿਚਾਰਾਂ ਦੇ ਪ੍ਰਭਾਵ ਦਾ ਲਗਾਤਾਰ ਖੁਰਨਾ ਜਾਰੀ ਹੈ। 'ਤਪਸ਼' ਕਹਾਣੀ ਦੇ ਮੁੱਖ ਪਾਤਰ ਪਿਓ ਪੁੱਤ ਦੋ ਅਲੱਗ ਅਲੱਗ ਵਿਚਾਰਧਾਰਾਵਾਂ ਦੇ ਧਾਰਨੀ ਹਨ। ਪਿਤਾ ਪੂੰਜੀਵਾਦੀ ਸੋਚ ਦਾ ਧਾਰਨੀ ਆਪਣੇ ਪਰਿਵਾਰ ਅਤੇ ਪੁੱਤ-ਪੋਤੇ ਲਈ ਹੋਰ ਜ਼ਮੀਨ ਵਧਾਉਣ ਲਈ ਆਪਣੇ ਹੀ ਪਿੰਡ ਵਿੱਚ ਆਪਣੇ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੀ ਜ਼ਮੀਨ ਹੜੱਪਣ ਲਈ ਹਰ ਹੱਥਕੰਡੇ ਵਰਤਦਾ ਹੈ ਜੋ ਉਸਨੂੰ ਜਾਇਜ਼ ਲੱਗਦੇ ਹਨ। ਪਰ ਉਸ ਦਾ ਪੁੱਤ ਜੋ ਕਿ ਪੇਸ਼ੇ ਵਜੋਂ ਅਧਿਆਪਕ ਹੈ ਅਤੇ ਪ੍ਰਗਤੀਸ਼ੀਲ ਸੋਚ ਦਾ ਮਾਲਕ ਹੈ। ਉਹ ਇਸ ਤਰ੍ਹਾਂ ਨਾਲ ਕਿਸੇ ਦੀ ਜ਼ਮੀਨ ਨੂੰ ਹੜੱਪਣਾ ਗਲਤ ਸਮਝਦਾ ਹੈ। ਪਰ ਬਾਪ ਦੀਆਂ ਨਜ਼ਰਾਂ ਵਿੱਚ ਉਸ ਦਾ ਅਧਿਆਪਕ ਪੁੱਤਰ ਦੁਨੀਆਂਦਾਰੀ ਨੂੰ ਸਮਝਣ ਵਿੱਚ ਨਾਕਾਮਯਾਬ ਹੈ। ਪੇਂਡੂ ਧਰਾਤਲ ਤੇ ਜਿਸ ਵਿਅਕਤੀ ਕੋਲ ਜ਼ਮੀਨ ਦੇ ਨਾਲ ਨਾਲ ਆਮਦਨ ਦੇ ਹੋਰ ਵਸੀਲੇ ਹਨ ਤਾਂ ਉਹ ਪਿੰਡ ਵਿੱਚ ਸੂਦਖੋਰੀ ਦਾ ਕੰਮ ਕਰਦਾ ਹੈ। ਸੂਦਖੋਰੀ ਦੇ ਧੰਦੇ ਜਰੀਏ ਅਮੀਰ ਕਿਸਾਨ ਗਰੀਬ ਕਿਸਾਨ ਦੀ ਜ਼ਮੀਨ ਹੜੱਪਦਾ ਹੈ। ਇਹ ਸੂਦਖੋਰੀ ਧੰਦੇ ਦੀ ਅਨੈਤਿਕਤਾ ਵਿੱਚੋਂ ਪੈਦਾ ਹੋਈ ਭੁੱਖ ਹੈ। ਜੋ ਦੂਸਰੇ ਵਿਅਕਤੀ ਦਾ ਗਲ ਮੋਸਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਕਹਾਣੀ ਵਿੱਚ ਉਹਨਾਂ ਦੇ ਬੋਲਾਂ ਤੋਂ ਸਾਫ ਜਾਹਿਰ ਹੁੰਦਾ ਹੈ-

*"ਹੁਣ ਕਿਹਦੀ ਜ਼ਮੀਨ ਤੇ ਅੱਖ ਰੱਖ ਲਈ?" ਸਰਦਾਰ ਜੀ ਮੈਨੂੰ ਕੀ ਲੋੜ ਹੈ, ਕਿਸੇ ਦੀ ਜ਼ਮੀਨ ਤੇ ਅੱਖ ਰੱਖਣ ਦੀ ਆਪੇ ਹਾੜੇ ਕੱਢਦੇ ਫਿਰਦੇ ਨੇ ਬੇਗਾਨੇ ਪੁੱਤ।"* [18]

ਦੂਸਰੇ ਪਾਸੇ ਗਰੀਬ ਕਿਸਾਨ ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਅਤੇ ਨਵੀਂ ਪੀੜ੍ਹੀ ਦੇ ਨਸ਼ਿਆਂ ਵਿੱਚ ਗਲਤਾਨ ਹੋਣ ਕਾਰਨ ਆਪਣੀ ਵਾਹੀਯੋਗ ਜ਼ਮੀਨ ਨੂੰ ਵੇਚਣ ਕਾਰਨ ਦੋਹਰੀ ਆਰਥਿਕਤਾ ਦੀ ਮਾਰ ਝੱਲਦੇ ਹਨ। ਕੈਲੂ ਦੇ ਬੋਲਾਂ ਤੋਂ ਉਸਦੀ ਵੇਦਨਾ ਸੁਣਾਈ ਸਾਫ਼ ਦਿੰਦੀ ਹੈ –

*"ਸ਼ੇਰਾ ਦਿਨ ਲੰਘੀ ਜਾਂਦਾ, ਮਾਰ ਲਿਆ ਗੰਦੀ ਔਲਾਦ ਨੇ।"*[19]

ਇੱਕ ਪਾਸੇ ਗਰੀਬ ਕਿਸਾਨ ਜ਼ਮੀਨ ਵੇਚ ਕੇ ਨਮੋਸ਼ੀ ਦੀ ਹਾਲਤ ਵਿੱਚ ਖਾਲੀ ਹੱਥੀ ਵਾਪਸ ਮੁੜਦਾ ਹੈ। ਪਰ ਪਿੰਡ ਦੀ ਦੂਸਰੀ ਧਿਰ ਘੱਟ ਜ਼ਮੀਨ ਵਾਲੇ ਕਿਸਾਨ ਦੀ ਜ਼ਮੀਨ ਖਰੀਦ ਕੇ ਆਪਣੇ ਦੋਸਤਾਂ ਨਾਲ ਪਾਰਟੀ ਕਰਨ ਲਈ ਹੋਟਲ ਵਿੱਚ ਜਾਂਦਾ ਹੈ। ਪੇਂਡੂ ਸਮਾਜਚਾਰੇ ਵਿੱਚ ਸਾਧਨ ਸੰਪੰਨ ਧਿਰ ਘੱਟ ਸਾਧਨਾ ਵਾਲੀ ਧਿਰ ਦੇ ਸੰਕਟ ਨੂੰ ਉਹਨਾਂ ਦੀ ਜ਼ਮੀਨ ਜਾਇਦਾਦ ਹਥਿਆ ਕੇ ਸਾਧਨਾ ਤੋਂ ਵਾਂਝੇ ਕਰਦੀ ਹੈ।

ਕਹਾਣੀ ਦੇ ਅਖੀਰ ਵਿੱਚ ਕਹਾਣੀਕਾਰ ਮਾਸਟਰ ਪਾਤਰ ਦੇ ਜ਼ਰੀਏ ਇਹ ਇਸ਼ਾਰਾ ਕਰਦਾ ਹੈ ਕਿ ਸਿਰਫ ਪ੍ਰਗਤੀਸ਼ੀਲ ਸੋਚ ਦੇ ਨਾਲ ਸਮਾਜ ਨੂੰ ਬਦਲਣ ਦਾ ਸੁਪਨਾ ਤਾਂ ਲੈਂਦਾ ਹੈ ਪਰ ਜਦੋਂ ਪਿੰਡ ਵਿੱਚ ਉਸ ਦਾ ਬਾਪ ਕੈਲੇ ਦੀ ਜ਼ਮੀਨ ਖਰੀਦਦਾ ਹੈ ਤਾਂ ਉਹ ਬਿਲਕੁਲ ਚੁੱਪ ਰਹਿੰਦਾ ਹੈ। ਕਿਤੇ ਵੀ ਇਸ ਗੱਲ ਦਾ ਵਿਰੋਧ ਕਰਦਾ ਦਿਖਾਈ ਨਹੀਂ ਦਿੰਦਾ ਸਗੋਂ ਆਪਣੇ ਆਪ ਨੂੰ ਆਪਣੇ ਬਾਪ ਦੇ ਸਾਹਮਣੇ ਮਜਬੂਰ ਤੇ ਬੇਬਸ ਸਮਝਦਾ ਹੈ। ਉਸਦੇ ਅੰਦਰ ਇਹ ਡਰ ਹੈ ਕਿ ਉਸਦੇ ਬਾਪ ਦਾ ਲਾਲਚ 'ਤੇ ਹਉਮੈ ਮੇਰੇ ਆਦਰਸ਼ ਦੀ ਤਪਸ਼ ਬਾਪ ਬੇਟੇ ਦੇ ਰਿਸ਼ਤੇ ਨੂੰ ਸਾੜ ਨਾ ਦਵੇ। ਪਰ ਕਚਹਿਰੀ ਵਿੱਚ ਮਾਸਟਰ ਦੀ ਮੌਜੂਦਗੀ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਸਿਰਫ ਆਦਰਸ਼ਵਾਦੀ ਸੋਚ ਦੇ ਨਾਲ ਸਮਾਜ ਨੂੰ ਬਦਲਣ ਦੀ ਗੱਲ ਕਰਨਾ ਅਤੇ ਉਸਦੇ ਬਦਲੇ ਵਿੱਚ ਕਰਮ ਕਰਨਾ ਦੋਹਾਂ ਵਿੱਚ ਅੰਤਰ ਹੈ। ਮਾਸਟਰ ਵੀ ਪੂੰਜੀਵਾਦੀ ਲਾਲਚ ਵਸ ਆਪਣੇ ਬਾਪ ਦੀ ਹਾਮੀ ਵਿੱਚ ਹਾਮੀ ਭਰਦਾ ਹੈ।

'ਲਾਲ ਰੱਤਾ' ਕਹਾਣੀ ਨੂੰ ਤਿੰਨ ਪਹਿਲੂਆਂ ਤੋਂ ਪੜਚੋਲਿਆ ਜਾ ਸਕਦਾ ਹੈ ਇਕ ਪਾਸੇ ਲਾਲ ਰੰਗ ਪਿਆਰ ਦਾ ਪ੍ਰਤੀਕ ਹੈ ਅਤੇ ਦੂਜੇ ਪਾਸੇ ਲਾਲ ਰੰਗ ਦੋ ਸੂਬਿਆਂ ਵਿੱਚ ਸਟੇਟ ਵੱਲੋਂ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋਣ ਲਈ ਯੂਪੀ, ਬਿਹਾਰ ਅਤੇ ਕਸ਼ਮੀਰ ਤੋਂ ਰੁਜ਼ਗਾਰ ਦੀ ਭਾਲ ਵਿੱਚ ਆਏ ਕਾਮਿਆਂ ਨੂੰ ਆਪਣੇ ਲਈ ਕਿਵੇਂ ਵਰਤਦੀ ਹੈ? ਅਤੇ ਇਹਨਾਂ ਦੀ ਆੜ ਵਿੱਚ ਸਟੇਟ ਕਿਵੇਂ ਖੂਨ ਖਰਾਬਾ ਕਰਕੇ ਸੂਬੇ ਵਿੱਚ ਦਹਿਸ਼ਤ ਦਾ ਮਾਹੌਲ ਬਣਾਉਂਦੀ ਹੈ। ਪੰਜਾਬ ਤੇ ਕਸ਼ਮੀਰ ਦੇ ਇਸ ਕੌੜੇ ਦੁਖਾਂਤ ਦੀ ਗਵਾਹ ਹੈ ਲਾਲ ਰੱਤਾ। ਕਹਾਣੀ ਦਾ ਬਿਰਤਾਂਤਿਕ ਸਮਾਂ ਪੰਜਾਬ ਸੰਕਟ ਦਾ ਸਮਾਂ ਹੈ। ਜਦੋ ਬਸ਼ੀਰ ਕਸ਼ਮੀਰ ਤੋਂ ਗਰਮ ਕੱਪੜਿਆਂ ਦੀ ਫੇਰੀ ਲਈ ਪੰਜਾਬ ਆਉਂਦਾ ਹੈ। ਜਿੱਥੇ ਬਸ਼ੀਰਾ ਆਪਣੀ ਆਰਥਿਕਤਾ ਨੂੰ ਆਰਜ਼ੀ ਠੁੰਮਣਾ ਦੇਣ ਲਈ ਕੁਝ ਪੈਸਿਆਂ ਦੇ ਲਾਲਚ ਵਿੱਚ ਆ ਕੇ ਪੁਲਿਸ ਲਈ ਮੁਖਬਰੀ ਕਰਦਾ ਹੈ। ਕੁਝ ਸਮੇਂ ਬਾਅਦ ਉਸ ਦਾ ਪੁੱਤਰ ਰਸ਼ੀਦ ਵੀ ਉਸੇ ਕੰਮ ਲਈ ਪੰਜਾਬ ਆਉਂਦਾ ਹੈ ਤਾਂ ਬਸ਼ੀਰਾ ਰਸ਼ੀਦੇ ਨੂੰ ਵੀ ਇਸ ਕੰਮ ਵਿੱਚ ਸ਼ਾਮਿਲ ਹੋਣ ਲਈ ਕਹਿੰਦਾ ਹੈ-

*"ਰਸ਼ੀਦਿਆ ਦੇਖ, ਕਿੰਨੇ ਪੈਸੇ ਕਮਾ ਲਏ, ਫੇਰੀ ਚੋਂ ਕੁਝ ਨਹੀਂ ਬਚਦਾ, ਇਸ ਵਾਰ ਨਵਾਂ ਮਕਾਨ ਬਣਾ ਛੱਡਣਾ" "ਮੂਰਖਾ ਅੱਲਾ ਨੇ ਮੌਕਾ ਦਿੱਤਾ ਪੈਸੇ ਕਮਾਉਣ ਦਾ, ਨਵਾਂ ਘਰ ਬਣ ਜਾਊ ਤੇਰੀ ਸ਼ਾਦੀ ਵੀ ਕਰਨੀ ਚੁੱਪ ਕਰਕੇ ਜਿਵੇਂ ਸਰਦਾਰ ਨੇ ਕਿਹਾ ਉਸੇ ਤਰ੍ਹਾਂ ਕਰ ਨਾਲੇ ਉਸਨੂੰ ਇਸ ਤਰ੍ਹਾਂ ਆਪਾਂ ਨੂੰ ਭੱਜਣ ਨਹੀਂ ਦੇਣਾ"*[20]

ਬਸ਼ੀਰੇ ਦੇ ਇਹਨਾਂ ਬੋਲਾਂ ਤੋਂ ਸਾਫ ਪਤਾ ਚਲਦਾ ਹੈ ਕਿ ਉਹ ਇੱਕ ਵਾਰ ਪੁਲਿਸ ਦੇ ਚੁੰਗਲ ਵਿੱਚ ਫਸ ਗਿਆ ਹੁਣ ਉਸ ਵਿੱਚੋਂ ਨਿਕਲਣਾ ਜਾਂ ਭੱਜਣਾ ਉਸ ਲਈ ਸੌਖਾ ਕੰਮ ਨਹੀਂ। ਅੱਬਾ ਦੇ ਕਹਿਣ ਤੇ ਰਸ਼ੀਦ ਵੀ ਅਣਮੰਨੇ ਮਨ ਨਾਲ ਮੁਖ਼ਬਰੀ ਕਰਨ ਲਈ ਤਿਆਰ ਹੋ ਜਾਂਦਾ ਹੈ ਤਾਂ ਪੁਲਿਸ ਅਫਸਰ ਲਹਿੰਬਰ ਸਿੰਘ ਮੌਕੇ ਨੂੰ ਤਾੜਦਾ ਪਿੰਡ ਵਿੱਚੋਂ ਯੂਪੀ, ਬਿਹਾਰ ਤੋਂ ਆਏ ਪ੍ਰਵਾਸੀ ਖੇਤ ਮਜ਼ਦੂਰਾਂ ਨੂੰ ਡਰਾ ਕੇ ਭਜਾ ਦਿੰਦਾ ਹੈ ਕਿ ਉਹਨਾਂ ਦੀ ਜਾਨ ਨੂੰ ਖਤਰਾ ਹੈ। ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਛੱਡਣ ਲਈ ਮਜਬੂਰ ਕਰਕੇ ਪਿੰਡ ਦੇ ਅਮੀਰ ਕਿਸਾਨਾਂ ਦਾ ਕੰਮ ਰੁਕਦਾ ਹੈ ਤਾਂ ਪੁਲਿਸ ਆਪਣੇ ਬਣਾਏ ਮੁਖਬਰੀਆਂ ਨੂੰ ਉਹਨਾਂ ਦੇ ਘਰਾਂ ਵਿੱਚ ਭੇਜ ਕੇ ਮੁਖਬਰੀ ਕਰਵਾਉਣ ਵਿੱਚ ਕਾਮਯਾਬ ਹੁੰਦੇ ਹਨ। ਪਰ ਜਦੋਂ ਰਸ਼ੀਦ ਨੰਬਰਦਾਰ ਦੇ ਘਰ ਵਿੱਚ ਬੜੀ ਅਪਣੱਤ ਨਾਲ ਰਹਿੰਦਾ ਹੈ ਅਤੇ ਉਹਨਾਂ ਦੀ ਧੀ ਤਾਰੋ ਨੂੰ ਪਸੰਦ ਕਰਦਾ ਹੈ ਤਾਂ ਉਹ ਮੁਖਬਰੀ ਕਰਨ ਤੋਂ ਮਨਾ ਕਰਦਾ ਹੈ। ਥਾਣੇਦਾਰ ਉਸਨੂੰ ਧਮਕਾਉਂਦਾ ਹੈ

*"ਇਸ ਵਿੱਚ ਛੇ ਗੋਲੀਆਂ ਪੈਂਦੀਆਂ ਨੇ, ਸਾਰੀਆਂ ਤੁਹਾਡੇ ਦੋਵਾਂ ਦੇ ਸਿਰ ਵਿੱਚ ਹੋਣਗੀਆਂ ਬਣਾ ਦਿਆਂਗੇ ਫਿਰ ਤੁਹਾਡਾ ਵੀ ਮੁਕਾਬਲਾ, ਬੰਦਾ ਬਣ ਕੇ ਮੇਰਾ ਕੰਮ ਕਰ।"*[21]

ਇੱਥੇ ਕਹਾਣੀਕਾਰ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪੰਜਾਬ ਪੁਲਿਸ ਉਸ ਕਾਲੇ ਦੌਰ ਸਮੇਂ ਲੋਕਾਂ ਦੀ ਰੱਖਿਅਕ ਬਣਨ ਬਜਾਏ ਕਿਸ ਤਰ੍ਹਾਂ ਰਾਜ ਵਿੱਚ ਦਹਿਸ਼ਤ ਪੈਦਾ ਕਰਦੀ ਹੈ ਅਤੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਆਪਣੇ ਲਈ ਤਰੱਕੀਆਂ ਦੇ ਮੌਕੇ ਤਲਾਸ਼ਦੀ ਹੈ। ਰਸ਼ੀਦ ਦੀ ਸਥਿਤੀ ਪੰਜਾਬ ਅਤੇ ਕਸ਼ਮੀਰ ਵਿੱਚ ਇੱਕੋ ਜਿਹੀ ਹੈ ਜਿੱਥੇ ਉਹ ਪੰਜਾਬ ਵਿੱਚ ਪੁਲਿਸ ਦੀ ਮੁਖਬਰੀ ਕਰਕੇ ਨੰਬਰਦਾਰਾਂ ਦੇ ਪਰਿਵਾਰ ਅਤੇ ਆਪਣੀ ਮਹਿਬੂਬਾ ਦਾ ਕਤਲ ਕਰਵਾ ਦਿੰਦਾ ਹੈ ਅਤੇ ਮਾਨਸਿਕ ਤਵਾਜਨ ਖੋਹ ਬੈਠਦਾ ਹੈ। ਦੂਜੇ ਪਾਸੇ ਕਸ਼ਮੀਰੀ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੁੰਦਾ ਹੈ ਉਥੋਂ ਦੀ ਪੁਲਿਸ ਦੇ ਅਨੁਸਾਰ ਰਸ਼ੀਦ ਕਸ਼ਮੀਰੀ ਅੱਤਵਾਦੀਆਂ ਨੂੰ ਪਨਾਹ ਦਿੰਦਾ ਹੈ।

ਇਸ ਕਹਾਣੀ ਜਰੀਏ ਕਹਾਣੀਕਾਰ ਨੇ ਪੰਜਾਬੀਆਂ ਅਤੇ ਕਸ਼ਮੀਰੀਆਂ ਦੀ ਆਪਸੀ ਸਾਂਝ ਅਤੇ ਪਿਆਰ ਦੇ ਪੱਖ ਨੂੰ ਪੇਸ਼ ਕੀਤਾ ਹੈ ਕਿ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੇ ਕੇ ਕਸ਼ਮੀਰੀ ਪੰਡਤਾਂ ਦੀ ਰੱਖਿਆ ਕੀਤੀ ਸੀ। ਇਸ ਲਈ ਪੰਜਾਬੀਆਂ ਅਤੇ ਕਸ਼ਮੀਰੀਆਂ ਦੀ ਸਾਂਝ ਦਾ ਮੁੱਢ ਲੰਬੇ ਸਮੇਂ ਤੋਂ ਬੱਝਿਆ ਹੈ। ਇਸ ਦੇ ਨਾਲ ਹੀ ਸਿਲਕ ਰੂਟ ਦੇ ਜਰੀਏ ਪੰਜਾਬ ਅਤੇ ਕਸ਼ਮੀਰ ਦੇ ਆਪਸੀ ਵਪਾਰਕ ਸਬੰਧ ਵੀ ਇਹਨਾਂ ਲੋਕਾਂ ਨੂੰ ਆਪਸੀ ਭਾਈਚਾਰੇ ਵਿੱਚ ਬੰਨਦੇ ਹਨ। ਇਸ ਭਰੋਸੇ ਨੂੰ ਜਦੋਂ ਰਸ਼ੀਦ ਅਤੇ ਉਸਦਾ ਪਿਓ ਤੋੜਦੇ ਹਨ ਜਿਸ ਵਿੱਚੋਂ ਰਸ਼ੀਦ ਆਪਣੀ ਪ੍ਰੇਮਿਕਾ ਤਾਰੋ ਨੂੰ ਗੁਆ ਬੈਠਦਾ ਹੈ। ਤਾਰੋ ਦੇ ਜਾਣ ਦਾ ਗਮ ਉਸਦੇ ਮਨ ਉੱਤੇ ਅਜਿਹੀ ਸੱਟ ਮਾਰਦਾ ਹੈ ਕਿ ਰਸ਼ੀਦ ਸਾਰੀ ਉਮਰ ਆਪਣੇ ਅੱਬਾ ਨਾਲ ਜੁਬਾਨ ਸਾਂਝੀ ਨਹੀਂ ਕਰਦਾ ਕਿਉਂਕਿ ਇਸ ਸਭ ਦਾ ਜ਼ਿੰਮੇਵਾਰ ਉਹ ਆਪਣੇ ਅੱਬਾ(ਬਸ਼ੀਰੇ) ਨੂੰ ਸਮਝਦਾ ਹੈ। ਜੋ ਕੁਝ ਪੈਸਿਆਂ ਦੇ ਲਾਲਚ ਵਿੱਚ ਆ ਕੇ ਆਪਣਾ ਇਮਾਨ ਵੇਚ ਬੈਠਦਾ ਹੈ। ਕਹਾਣੀਕਾਰ ਇਸ ਕਹਾਣੀ ਵਿੱਚ ਇੱਕ ਹੋਰ ਪੱਖ ਪੇਸ਼ ਕਰਦਾ ਹੈ ਕਿ ਇਸ ਸਮਾਜ ਵਿੱਚ ਆਮ ਬੰਦੇ ਦੀ ਸੰਵੇਦਨਾ ਦਾ ਕੋਈ ਵੀ ਮੁੱਲ ਨਹੀਂ ਪਾਉਂਦਾ ਬਲਕਿ ਸਟੇਟ ਆਮ ਵਿਅਕਤੀ ਨੂੰ ਇੱਕ ਸੰਦ ਵਜੋਂ ਵਰਤਦੀ ਹੈ। ਤਾਰੋ ਅਤੇ ਉਸਦੇ ਪਰਿਵਾਰ ਦੇ ਕਤਲ ਤੋਂ ਬਾਅਦ ਰਸ਼ੀਦ ਵਾਪਸ ਕਸ਼ਮੀਰ ਮੁੜ ਜਾਂਦਾ ਹੈ ਤਾਂ ਲੋਕ ਉਸਨੂੰ ਪਾਗਲ ਸਮਝਦੇ ਹਨ। ਕੋਈ ਵੀ ਉਸ ਕੋਲ ਨਹੀਂ ਖੜ੍ਹਦਾ,ਅਖੀਰ ਤੇ ਰਸ਼ੀਦ ਸ਼ਾਮਪੁਰ ਪਿੰਡ ਕੋਲੋਂ ਆਏ ਕਮਲ ਨੂੰ ਆਪਣੇ ਪਿਆਰ ਦੀ ਨਿਸ਼ਾਨੀ 'ਲਾਲ ਰੱਤਾ' ਸ਼ਾਲ ਤਾਰੋ ਦੀ ਮੜ੍ਹੀ ਉੱਤੇ ਪਾਉਣ ਲਈ ਕਹਿੰਦਾ ਹੋਇਆ ਸੁਰਖਰੂ ਹੋ ਜਾਂਦਾ ਹੈ ਅਤੇ ਅਗਲੇ ਦਿਨ ਇਸ ਜਹਾਨ ਤੋਂ ਰੁਖਸਤ ਹੋ ਜਾਂਦਾ ਹੈ।

ਕਹਾਣੀ 'ਦੂਜੀ ਦੇਹੀ' ਪੰਜਾਬੀ ਸਮਾਜ ਦੀ ਘੱਟ ਜ਼ਮੀਨ ਦੀ ਮਾਲਕੀ ਵਾਲੀ ਜਮਾਤ ਦੀ ਕਹਾਣੀ ਹੈ। ਇਸ ਵਿਸ਼ੇ ਦਾ ਪੰਜਾਬੀ ਸਾਹਿਤ ਵਿੱਚ ਖਾਸਾ ਜਿਕਰ ਹੈ। ਇਸੇ ਹੀ ਖਿੱਤੇ ਨਾਲ ਸਬੰਧਤ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਰਾਮ ਸਰੂਪ ਅਣਖੀ ਨੇ ਆਪਣੀਆਂ ਕਹਾਣੀਆਂ ਵਿੱਚ ਘੱਟ ਜ਼ਮੀਨ ਵਾਲੀ ਮਾਲਕੀ ਦੀ ਧਿਰ ਦੀਆਂ ਵੱਖ ਵੱਖ ਪਰਤਾਂ ਨੂੰ ਫਰੋਲਿਆਂ ਹੈ। ਜਿੱਥੇ ਮਰਦਾਂ ਨਾਲੋਂ ਜਿਆਦਾ ਤ੍ਰਾਸਦੀ ਔਰਤਾਂ ਭੋਗਦੀਆਂ ਹਨ। ਕਹਾਣੀਕਾਰ ਨੇ ਪੁਰਾਣੇ ਵਿਸ਼ੇ ਨੂੰ ਨਵੀਂ ਪੀੜ੍ਹੀ ਨਾਲ ਜੋੜਿਆ ਹੈ ਕਿ ਆਧੁਨਿਕ ਸਮੇਂ ਵਿੱਚ ਨਵੀਂ ਪੀੜ੍ਹੀ ਇੱਕ ਵੱਖਰਾ ਰਾਹ ਅਖਤਿਆਰ ਕਰਦੀ ਹੈ ਅਤੇ ਸਮਾਜ ਦੇ ਅਗਲੇ ਪੜਾਅ ਵੱਲ ਜਾਣ ਦਾ ਇਸ਼ਾਰਾ ਕਰਦੀ ਹੈ।

ਕਹਾਣੀ ਘੱਟ ਜ਼ਮੀਨ ਵਾਲੇ ਪਰਿਵਾਰ ਦੇ ਦੋ ਭਰਾਵਾਂ ਦੇਸੇ ਅਤੇ ਨਾਜ਼ਰ ਦੀ ਹੈ। ਜਿਸ ਵਿੱਚ ਦੇਸਾ ਵਿਆਹਿਆ ਜਾਂਦਾ ਅਤੇ ਨਾਜ਼ਰ ਕੁਆਰਾ ਰਹਿ ਜਾਂਦਾ ਹੈ। ਕਹਾਣੀਕਾਰ ਇਸ ਕਹਾਣੀ ਜਰੀਏ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪੇਂਡੂ ਆਰਥਿਕਤਾ ਵਿੱਚ ਸਾਧਨਾ ਅਤੇ ਔਰਤਾਂ ਦੀ ਗਿਣਤੀ ਘੱਟ ਹੋਣ ਕਾਰਨ ਜਿੱਥੇ ਪਰਿਵਾਰ ਵਿੱਚ ਦੋ ਭਰਾਵਾਂ ਵਿੱਚੋਂ ਇੱਕ ਦਾ ਵਿਆਹ ਹੁੰਦਾ ਪਰ ਉਹ ਔਰਤ ਦੋਹਾਂ ਭਰਾਵਾਂ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ। ਇਹਨਾਂ ਸੰਬੰਧਾਂ ਦੀ ਪ੍ਰਵਾਨਗੀ ਬਿਨਾਂ ਇਜ਼ਹਾਰ ਕੀਤਿਆਂ ਹੁੰਦੀ ਹੈ ।

'ਦੂਜੀ ਦੇਹੀ' ਕਹਾਣੀ ਦੇ ਕਥਾਨਕ ਵਿੱਚ ਜਦੋਂ ਜੀਤੋ ਤੇਜੀ ਅਤੇ ਮੇਸ਼ੀ ਵਿੱਚੋਂ ਤੇਜ਼ੀ ਦੇ ਵਿਆਹ ਦੀ ਗੱਲ ਕਰਦੀ ਹੈ। ਤਾਂ ਨਾਜ਼ਰ ਨੂੰ ਮੇਸ਼ੀ ਦੀ ਹਾਲਤ ਆਪਣੇ ਵਰਗੀ ਮਹਿਸੂਸ ਹੁੰਦੀ ਹੈ ਤਾਂ ਉਹ ਜੀਤੋ ਨੂੰ ਮੇਸ਼ੀ ਦੇ ਵਿਆਹ ਬਾਰੇ ਕਹਿੰਦਾ ਹੈ

*"ਚਲ ਕੋਈ ਨਹੀਂ ਜੀਤੋ ਕਦੇ ਵੱਡਾ ਰਹਿ ਜਾਂਦਾ, ਕਦੇ ਛੋਟਾ ਰੋਟੀ ਪੱਕਦੀ ਹੋਣੀ ਚਾਹੀਦੀ ਹੈ ।"* [22]

ਜਦੋਂ ਜੀਤੋ ਤੇਜੀ ਦੇ ਵਿਆਹ ਲਈ ਅੜਦੀ ਹੈ ਤਾ ਨਾਜ਼ਰ ਵੀ ਸਾਰੀ ਉਮਰ ਦੇਸੇ ਦੀ ਕਬੀਲਦਾਰੀ ਢੋਂਦਾ ਗੁੱਸੇ ਵਿੱਚ ਬੋਲਦਾ-

*"ਜੇ ਤੁਸੀਂ ਇਸ ਤਰ੍ਹਾਂ ਕਰਨਾ ਤਾਂ ਮੈਂ ਆਪਣਾ ਹਿੱਸਾ ਨਹੀਂ ਦਿੰਦਾ।"ਤਾਂ ਅੱਗੋਂ ਜੀਤੋ ਵੀ ਤੜਫ ਕੇ ਬੋਲਦੀ " ਨਾ ਐ ਕਿਵੇਂ ਨੀ ਦਿੰਦਾ ਹਿੱਸਾ, ਤੇਰੇ ਨਾਲ ਮੈਂ ਕੋਈ ਦਰਿਆਤ ਕੀਤੀ ਮੈਨੂੰ ਪਤਾ ਤੂੰ ਕਿਉਂ ਛੋਟੇ ਪਿੱਛੇ ਲਮਕਦਾ ਤੈਨੂੰ ਲੱਗਦਾ ਵੀ ਇਹ ਤੇਰਾ ਤੇ ਤੇਜੀ ਵੱਡੇ ਦਾ ਪਰ ਇਹ ਗੱਲ ਝੂਠ ਮੇਰੇ ਲਈ ਦੋਵੇਂ ਇੱਕੋ ਜਿਹੇ ਹਨ।"* [23]

ਆਰਥਿਕ ਸਾਧਨਾ ਵਿੱਚ ਵਾਧਾ ਨਾ ਹੋਣ ਕਾਰਣ ਵਾਹੀ ਯੋਗ ਜ਼ਮੀਨ ਉਨੀ ਹੀ ਰਹਿੰਦੀ ਹੈ। ਜਿਸ ਕਾਰਨ ਨਾਜ਼ਰ ਦੀ ਪੀੜ੍ਹੀ ਅਤੇ ਮੇਸ਼ੀ ਦੀ ਪੀੜ੍ਹੀ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਵਿੱਚ ਕੋਈ ਫਰਕ ਨਹੀਂ ਪੈਂਦਾ। ਜੋ ਦੁਖਾਂਤ ਨਾਜ਼ਰ ਭੋਗਦਾ ਹੈ ਇਸ ਕਹਾਣੀ ਦੇ ਅਖੀਰ ਵਿੱਚ ਉਹੀ ਸਥਿਤੀ ਮੇਸ਼ੀ ਦੀ ਬਣਦੀ ਹੈ। ਪਰ ਮੇਸ਼ੀ ਚਾਚੇ ਵਾਂਗ ਆਪਣੇ ਵਿਆਹ ਦੇ ਸੁਪਨਿਆਂ ਨੂੰ ਅਜਾਈ ਨਹੀਂ ਜਾਣ ਦਿੰਦਾ। ਵਿਆਹ ਵਾਸਤੇ ਕਿਸੇ ਹੋਰ ਜਾਤੀ ਦੀ ਕੁੜੀ ਬਾਰੇ ਜੋੜ ਤੋੜ ਲਾਉਂਦਾ ਹੈ। ਪਰ ਜਦੋਂ ਇਸ ਗੱਲ ਦੀ ਭਿਣਕ ਮੇਸ਼ੀ ਦੀ ਮਾਂ ਨੂੰ ਪੈਂਦੀ ਹੈ ਤਾਂ ਉਹ ਘਰ ਦੀ ਆਰਥਿਕਤਾ ਦਾ ਰੋੜ੍ਹਆ ਰੋੜਣ ਲਈ ਆਪਣੀ ਨੂੰਹ ਨੂੰ ਉਸਦੇ ਦਿਉਰ (ਮੇਸ਼ੀ) ਨਾਲ ਸਬੰਧ ਬਣਾਉਣ ਲਈ ਕਹਿੰਦੀ ਹੈ-

*"ਮੇਰੀ ਧੀ ਛੋਟੇ ਦਾ ਖਿਆਲ ਰੱਖਿਆ ਕਰ, ਔਰਤ ਹੀ ਘਰ ਨੂੰ ਬੰਨ੍ਹ ਕੇ ਰੱਖਣ ਵਾਲੀ ਹੁੰਦੀ ਹੈ। ਦਿਓਰ ਭਰਜਾਈ ਦਾ ਰਿਸ਼ਤਾ ਤਾਂ ਹੱਸਣ ਖੇਡਣ ਦਾ ਹੁੰਦਾ, ਤੂੰ ਬੁਲਾ ਚਲਾਅ ਲਿਆ ਕਰ ਉਸ ਨੂੰ।"* [24]

ਇੱਥੇ ਕਹਾਣੀਕਾਰ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਘੱਟ ਜ਼ਮੀਨ ਵਾਲੀ ਆਰਥਿਕਤਾ ਵਿੱਚੋਂ ਪਹਿਲੀ ਪੀੜ੍ਹੀ ਦੀਆਂ ਔਰਤਾਂ ਅਤੇ ਮਰਦਾਂ ਦੀ ਸਥਿਤੀ ਕੋਈ ਵੱਖਰੀ ਨਹੀਂ ਜਿਵੇਂ ਨਾਜ਼ਰ ਛੜਾ ਰਹਿ ਜਾਂਦਾ ਹੈ। ਉਸੇ ਹੀ ਤਰ੍ਹਾਂ ਅਗਲੀ ਪੀੜ੍ਹੀ ਵਿੱਚ ਮੇਸ਼ੀ ਵੀ ਛੜਾ ਰਹਿੰਦਾ ਹੈ। ਦੂਜੇ ਪਾਸੇ ਜੀਤੋ ਅਤੇ ਉਸਦੀ ਨੂੰਹ (ਬੰਸੋ) ਦੀ ਸਥਿਤੀ ਵੀ ਇਕੋ ਜਿਹੀ ਹੈ। ਜਦੋਂ ਬੰਸੋ ਸੱਸ ਦੇ ਕਹਿਣ ਤੇ ਮੇਸ਼ੀ ਦੇ ਕਮਰੇ ਵਿੱਚ ਦੁੱਧ ਲੈ ਕੇ ਜਾਂਦੀ ਹੈ

*"ਲੈ ਦਿਓਰਾ ਦੁੱਧ ਪੀ ਲੈ ,ਉਹੀ ਸਾਰਾ ਦਿਨ ਸੁੰਡੀ ਵਾਂਗ ਇਕੱਠਾ ਹੋਇਆ ਰਹਿਣਾ ਖੁਸ਼ ਰਿਹਾ ਕਰ ...ਮੈਂ ਤੈਨੂੰ ਕਿਹੜਾ ਕਿਸੇ ਗੱਲ ਤੋਂ ਜਵਾਬ ਦਿੱਤਾ।"* [25]

ਬੰਸੋ ਦੇ ਕਮਰੇ 'ਚ ਆਉਣ ਤੋਂ ਪਹਿਲਾਂ ਕਮਰੇ ਵਿੱਚ ਜਾਲਾ ਬੁਣਦੀ ਮੱਕੜੀ ਨੂੰ ਦੇਖਦਾ ਹੈ। ਜਿਸ ਵਿੱਚ ਜਾਲਾ ਬਣਾਉਂਦੀ ਮੱਕੜੀ ਖੁਦ ਉਸ ਵਿੱਚ ਫਸ ਜਾਂਦੀ ਹੈ ਅਤੇ ਮਰ ਕੇ ਹੀ ਬਾਹਰ ਨਿਕਲਦੀ ਹੈ। ਅਸਲ ਵਿੱਚ ਕਹਾਣੀਕਾਰ ਜਾਲਾ ਅਤੇ ਮੱਕੜੀ ਨੂੰ ਮੈਟਾਫਰ ਵਜੋਂ ਵਰਤਦਾ ਹੈ ਜਾਲਾ (ਕਬੀਲਦਾਰੀ ਦਾ ਜੂਲ਼ਾ) ਤੇ ਮੱਕੜੀ (ਨਾਜ਼ਰ )ਜੋ ਤਾਉਮਰ ਦੇਸੇ ਦੀ ਕਬੀਲਦਾਰੀ ਢੋਂਦਾ ਇਸ ਜਹਾਨੋ ਸੱਖਣਾ ਤੁਰ ਜਾਂਦਾ ਹੈ। ਪਰ ਦੂਜੇ ਪਾਸੇ ਮੇਸ਼ੀ ਨੂੰ ਮੱਕੜੀ ਬਣਨਾ ਪਸੰਦ ਨਹੀਂ ਇਸ ਲਈ ਜਦੋਂ ਬੰਸੋ ਅੱਗੇ ਵਧਣ ਦੀ ਕੋਸ਼ਿਸ਼ ਕਰਦੀ ਹੈ ਤਾਂ ਮੇਸ਼ੀ ਨੂੰ ਆਪਣੀ ਦੇਹ ਚਾਚੇ ਦੀ ਦੇਹ ਵਿੱਚ ਪਲਟਦੀ ਨਜ਼ਰ ਆਉਂਦੀ ਹੈ। ਇਥੇ ਕਹਾਣੀ ਪਲਟਾ ਖਾਂਦੀ ਹੈ ਕਿ ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਦੇ ਹੰਡਾਏ ਤਜ਼ਰਬਿਆਂ ਨੂੰ ਪਲਟਾ ਦਿੰਦੀ ਹੈ। ਭਾਵੇਂ ਨਾਜ਼ਰ ਤੇ ਮੇਸ਼ੀ ਦੇ ਆਰਥਿਕ ਹਾਲਾਤ ਸਾਵੇਂ ਹਨ ਪਰ ਨਾਜ਼ਰ ਪਰਿਸਥਿਤੀਆਂ ਅੱਗੇ ਗੋਡੇ ਟੇਕ ਦਿੰਦਾ ਹੈ ਪਰ ਮੇਸ਼ੀ ਨਵੇਂ ਤਰੀਕਿਆਂ ਨਾਲ ਜਿੰਦਗੀ ਨੂੰ ਜਿਊਣਾ ਚਾਹੁੰਦਾ ਹੈ। ਉਸਦੇ ਬੋਲ ਉਸਦੀ ਅੰਦਰਲੀ ਪੀੜਾ ਨੂੰ ਬਿਆਨ ਕਰਦੇ ਹਨ –

*"ਹਾਏ ਬੀਬੀਏ, ਮੈਥੋਂ ਨਹੀਂ ਇਹ ਜੂਲਾ ਪਵਾਇਆ ਜਾਣਾ ,ਚਾਚਾ ਓਏ ਕਿਉਂ ਛੱਡ ਗਿਆ ਮੈਨੂੰ, ਨਾਲ ਹੀ ਲੈ ਜਾਂਦਾ।"* [26]

ਇਥੇ ਕਹਾਣੀ ਪੁਰਾਣੀਆਂ ਰਵਾਇਤਾਂ ਨੂੰ ਤੋੜਨ ਦਾ ਸੰਦੇਸ਼ ਦਿੰਦੀ ਸਿਖ਼ਰ ਤੇ ਪਹੁੰਚਦੀ ਹੈ। ਕਹਾਣੀਕਾਰ ਪੁਰਾਣੀ ਪੀੜ੍ਹੀ ਨੂੰ ਛੱਡ ਕੇ ਨਵੀਂ ਪੀੜ੍ਹੀ ਨੂੰ ਨਵੇਂ ਰਾਹ ਤੇ ਤੋਰਨ ਦੀ ਕੋਸ਼ਿਸ਼ ਕਰਵਾਉਂਦਾ ਹੈ।

ਭੁਪਿੰਦਰ ਮਾਨ ਇਸ ਕਹਾਣੀ ਸੰਗ੍ਰਹਿ ਜਰੀਏ ਆਰਥਿਕਤਾ ਦਾ ਸੰਕਟ, ਸਧਾਰਨ ਪੇਂਡੂ ਘੱਟ ਮਾਲਕੀ ਵਾਲੇ ਕਿਸਾਨ ਦਾ ਸੰਕਟ, ਔਰਤਾਂ ਦੀ ਹੋਂਦ ਦੇ ਸੰਕਟ, ਪੰਜਾਬ ਅਤੇ ਕਸ਼ਮੀਰ ਦਾ ਸੰਕਟ, ਮਰਦਾਵੀਂ ਸਮਾਜਿਕ ਬਣਤਰ ਵਾਲੇ ਸਮਾਜ ਵਿੱਚ ਉਣੇ ਮਰਦ ਦਾ ਸੰਕਟ ਵਰਗੇ ਸੰਕਲਪਾਂ ਨਾਲ ਬੌਧਿਕ ਕਲਾਤਮਿਕ ਦਸਤਪੰਜਾ ਲੈਂਦਿਆਂ ਹੋਇਆ ਇਹਨਾਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਉਂਦਾ ਹੈ। ਇਸ ਦੇ ਨਾਲ ਹੀ ਇਸ ਖਿੱਤੇ ਦੀ ਨਾਬਰੀ ਸੰਘਰਸ਼ ਦੀ ਪਰੰਪਰਾ, ਭਾਈਚਾਰੇ ਅਤੇ ਹੋਂਦ ਦੀ ਲੜਾਈ ਨੂੰ ਇੱਕਮਿਕ ਕਰਕੇ ਸਟੇਟ ਦੇ ਵਿਰੋਧ ਵਿੱਚ ਖੜ੍ਹਾ ਕਰਦਾ ਹੈ। ਲੋਕਤੰਤਰਿਕ ਪ੍ਰਬੰਧ ਵਿੱਚ ਸਿੱਖਿਆ ਸੰਸਥਾਵਾਂ ਦੇ ਇਕਹਿਰੇ ਮਕਸਦ ਜਰੀਏ ਪੈਦਾ ਹੋਏ ਸਮਾਜਿਕ ਸੰਕਟ ਦੇ ਖਤਰਿਆਂ ਦੀਆਂ ਵਧਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਆਮ ਸਧਾਰਨ ਪੇਂਡੂ ਮਰਦ/ਔਰਤ ਦੀ ਸੰਵੇਦਨਸ਼ੀਲਤਾ ਦੀ ਮੁੱਖ ਧਾਰਾ

ਦੇ ਸਮਾਜ ਵਿੱਚ ਹਾਸ਼ੀਏ ਤੇ ਦੇਖਿਆ ਜਾਂਦਾ ਹੈ। ਇਹਨਾਂ ਕਹਾਣੀਆਂ ਵਿੱਚ ਕਹਾਣੀਕਾਰ ਕਈ ਘਟਨਾਵਾਂ ਮਸਲਿਆਂ ਤੇ ਸਮਾਜ ਵਿੱਚ ਪ੍ਰਚੱਲਿਤ ਚਲਾਊ ਬਿਰਤਾਂਤ ਦਾ ਸਹਾਰਾ ਲੈਂਦਾ ਹੈ। ਜਿਵੇਂ ਕਿ 'ਵੈਰਾਗ' ਅਤੇ 'ਤੁਖਮ' ਕਹਾਣੀ ਜਿਸ ਵਿੱਚ ਕਹਾਣੀਕਾਰ ਦੇਬੀ ਅਤੇ ਸਤਵੰਤ ਨੂੰ ਵਿਆਹ ਤੋਂ ਬਾਅਦ ਸ਼ਹਿਰ ਵੱਲ ਤੋਰ ਦਿੰਦਾ ਹੈ।ਇਸੇ ਹੀ ਤਰ੍ਹਾਂ 'ਤੁਖਮ' ਕਹਾਣੀ ਦੀ ਪਾਤਰ ਮਨਜੀਤ ਆਪਣੇ ਪੁੱਤਰ ਚੇਤਨ ਨੂੰ ਲੈ ਕੇ ਸ਼ਹਿਰ ਚਲੀ ਜਾਂਦੀ ਹੈ ਜਿੱਥੇ ਕਹਾਣੀਕਾਰ ਉਹਨਾਂ ਦੇ ਦੁੱਖਾਂ ਦੀ ਨਵਿਰਤੀ ਸ਼ਹਿਰ ਵਜੋਂ ਤਵੱਸਰ ਕਰਦਾ ਹੈ। ਇਸੇ ਹੀ ਤਰਾਂ 'ਤਪਸ਼' ਕਹਾਣੀ ਕਹਾਣੀਕਾਰ ਦੇ ਪਹਿਲੇ ਕਹਾਣੀ ਸੰਗ੍ਰਹਿ 'ਓਪਰੀ ਹਵਾ' ਦੀ ਕਹਾਣੀ 'ਕਿੱਧਰ ਨੂੰ ਜਾਵਾਂ' ਦਾ ਵਿਸਥਾਰ ਹੈ। ਇਸ ਕਹਾਣੀ ਦਾ ਪਾਤਰ ਮਾਸਟਰ ਵੀ ਪ੍ਰਗਤੀਸ਼ੀਲ ਸੋਚ ਦਾ ਮਾਲਕ ਹੋਣ ਦੇ ਬਾਵਜੂਦ ਆਪਣੇ ਬਾਪ ਦੁਆਰਾ ਕੀਤੇ ਜਾਣ ਵਾਲੇ ਨਜਾਇਜ਼ ਕੰਮਾਂ ਬਾਰੇ ਕੋਈ ਟਿੱਪਣੀ ਨਹੀਂ ਕਰਦਾ ਬਲਕਿ ਪਿਉ-ਪੁੱਤ ਦੇ ਰਿਸ਼ਤੇ ਵਿੱਚ ਕੋਈ ਤਰੇੜ ਨਾ ਆ ਜਾਵੇ ਇਸ ਲਈ ਚੁੱਪ ਰਹਿ ਕੇ ਬਾਪ ਦੀ ਹਾਮੀ ਵਿੱਚ ਹਾਮੀ ਭਰਦਾ ਹੈ।ਇਸ ਤਰ੍ਹਾਂ ਨੌਜਵਾਨਾਂ ਦੀ ਚੁੱਪੀ ਸਾਡੇ ਲਈ ਕਈ ਸਵਾਲ ਖੜ੍ਹੇ ਕਰਦੀ ਹੈ ਜਿਸ ਬਾਰੇ ਕਹਾਣੀਕਾਰ ਬਿਲਕੁਲ ਚੁੱਪ ਹੈ। ਇਹ ਸਾਰੀਆਂ ਕਹਾਣੀਆਂ ਪੰਜਾਬੀ ਖਿੱਤੇ ਦੀ ਸਮਾਜਿਕ, ਆਰਥਿਕ ਤਰੱਕੀ ਤੇ ਚਲਦਿਆਂ ਸਮਾਜਿਕ ਮਨੁੱਖ ਦੇ ਸੰਕਟ ਦੀਆਂ ਵੱਖ ਵੱਖ ਪਰਤਾਂ ਦੇ ਹਿਰਦੇ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਹ ਸਮੁੱਚੀਆਂ ਕਹਾਣੀਆਂ ਹੋਰ ਗਹਿਰੇ ਸਮਾਜਿਕ, ਸੱਭਿਆਚਾਰਿਕ ਅਤੇ ਆਲੋਚਨਾਤਮਕ ਮੁਲਾਂਕਣ ਅਤੇ ਵਿਸ਼ਲੇਸ਼ਣ ਦੀ ਮੰਗ ਕਰਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


1. ਮਾਨ, ਭੁਪਿੰਦਰ ਸਿੰਘ, ਲਾਲ ਰੱਤਾ, ਊੜਾ ਪਬਲਿਕੇਸ਼ਨ,2025, ਪੰਨਾ: 14
2. -ਉਹੀ-, ਪੰਨਾ: 17
3. -ਉਹੀ-, ਪੰਨਾ: 32
4. -ਉਹੀ-, ਪੰਨਾ: 33
5. Kumar, Ravi, Education, State and Market (Anatomy of Neoliberal Impact) Aakar books, 2014 Introduction page-5
6. ਮਾਨ, ਭੁਪਿੰਦਰ ਸਿੰਘ, ਲਾਲ ਰੱਤਾ, ਊੜਾ ਪਬਲਿਕੇਸ਼ਨ,2025, ਪੰਨਾ: 43
7. Singh, Lakhwinder and Shergill Baldev, separating wheat from the Chaff Farm Acts, Farmers protest and outcomes, Millennial Asia,202,1 Vol12, issue3,
8. ਮਾਨ, ਭੁਪਿੰਦਰ ਸਿੰਘ, ਲਾਲ ਰੱਤਾ, ਊੜਾ ਪਬਲਿਕੇਸ਼ਨ,2025, ਪੰਨਾ: 46
9. -ਉਹੀ-, ਪੰਨਾ: 36
10. -ਉਹੀ-, ਪੰਨਾ: 52
11. -ਉਹੀ-, ਪੰਨਾ: 52
12. -ਉਹੀ-, ਪੰਨਾ: 64
13. -ਉਹੀ-, ਪੰਨਾ: 65
14. -ਉਹੀ-, ਪੰਨਾ: 66
15. -ਉਹੀ-, ਪੰਨਾ: 67
16. -ਉਹੀ-, ਪੰਨਾ: 69
17. -ਉਹੀ-, ਪੰਨਾ: 75
18. -ਉਹੀ-, ਪੰਨਾ: 79
19. -ਉਹੀ-, ਪੰਨਾ: 82
20. -ਉਹੀ-, ਪੰਨਾ: 97
21. -ਉਹੀ-, ਪੰਨਾ: 97
22. -ਉਹੀ-, ਪੰਨਾ:
23. -ਉਹੀ-, ਪੰਨਾ: 113
24. -ਉਹੀ-, ਪੰਨਾ: 116
25. -ਉਹੀ-, ਪੰਨਾ: 118
26. -ਉਹੀ-, ਪੰਨਾ: 118



### *Cite this Article-*

*ਡਾ. ਮਨਮਿੰਦਰ ਕੌਰ (Manminder Kaur), ਆਰਥਿਕ ਤਰੱਕੀ ਦੇ ਦੌਰ ਵਿੱਚ ਸਮਾਜਿਕ-ਸੱਭਿਆਚਾਰਕ ਦੁਖਾਂਤ ਦੀ ਉਪਜ(ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਦੇ ਹਵਾਲੇ ਨਾਲ) Arthik Taraki De Daur Vich Smajik-Sbhiachark Dukhant Di Upj (Bhupinder Singh Maan De Kahani Sangrhi 'Lal Ratta' De Havale Nal)), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 94-101.*

*Journal URL: www.armaan.org.in*

*DOI: https://doi.org/10.64119/armaan.vol.3.issue4.18*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/